@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

ਕੌਮੀ ਪਤ੍ਰਿਕਾ

Punjabi National Daily

Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Friday, 11 October 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ੁੱਕਰਵਾਰ 11 ਅਕਤੂਬਰ 2024, 26 ਅੱਸੂ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 42, ਅੰਕ 336, qpatrika@gmail.com ਫੋਨ : 9971359517 www.qaumipatrika.org

ਪੰਜ ਤੱਤਾਂ 'ਚ ਵਲੀਨ ਹੋਏ ਰਤਨ ਟਾਟਾ

ਸਿੰਮੀ ਕੌਰ ਬੱਬਰ

ਮੁੰਬਈ 10 ਅਕਤੂਬਰ। ਭਾਰਤ ਦੇ ਉੱਘੇ ਕਾਰੋਬਾਰੀ ਰਤਨ ਟਾਟਾ ਦਾ ਮੁੰਬਈ ਦੇ ਬ੍ਰੀਚ ਕੈਂਡੀ ਹਸਪਤਾਲ ਵਿੱਚ 86 ਸਾਲ ਦੀ ਉਮਰ ਵਿੱਚ ਦਿਹਾਂਤ ਹੋ ਗਿਆ ਸੀ। ਅੱਜ ਉਨ੍ਹਾਂ ਦਾ ਸਰਕਾਰੀ ਸਨਮਾਨਾਂ ਨਾਲ ਅੰਤਿਮ ਸੰਸਕਾਰ ਕਰ ਦਿੱਤਾ ਗਿਆ ਹੈ। ਉਨ੍ਹਾਂ ਨੂੰ ਸੁਨਹਿਰੀ ਅੱਖਰਾਂ ਵਿਚ ਹਮੇਸ਼ਾ ਯਾਦ ਰੱਖਿਆ ਜਾਵੇਗਾ। ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਸਿੱਖ ਮਰਿਆਦਾ ਤਹਿਤ ਅਰਦਾਸ ਤੋਂ ਬਾਅਦ ਤੋਂ ਵਰਲੀ ਸਮਸਾਨਘਾਟ ਲਿਜਾਇਆ ਗਿਆ ਹੈ। ਜਿਸ ਤੋਂ ਬਾਅਦ ਰਤਨ ਟਾਟਾ ਦਾ ਅੰਤ੍ਰਿਮ ਸੰਸਕਾਰ ਕਰ ਦਿੱਤਾ ਗਿਆ ਹੈ। ਉਨ੍ਹਾਂ ਦੇ ਯੋਗਦਾਨ ਅਤੇ ਪ੍ਰਾਪਤੀਆਂ ਲਈ ਉਸਨੂੰ ਭਾਰਤ ਦੇ ਸਰਵਉੱਚ ਨਾਗਰਿਕ ਪੁਰਸਕਾਰਾਂ, ਪਦਮ ਭੂਸਣ (2000) ਅਤੇ ਪਦਮ ਵਿਭੂਸਣ (2008) ਨਾਲ ਸਨਮਾਨਿਤ ਕੀਤਾ ਗਿਆ। ਰਤਨ ਟਾਟਾ ਪਾਰਸੀ ਭਾਈਚਾਰੇ ਨਾਲ ਸਬੰਧਤ ਸਨ ਅਤੇ ਉਨ੍ਹਾਂ ਦਾ ਅੰਤਿਮ ਸੰਸਕਾਰ ਪਾਰਸੀ ਪਰੰਪਰਾ ਅਨੁਸਾਰ ਕੀਤਾ ਜਾਵੇਗਾ। ਫਿਲਹਾਲ ਰਤਨ ਟਾਟਾ ਦੀ ਮ੍ਰਿਤਕ ਦੇਹ ਨੂੰ ਐਨਸੀਪੀਏ ਲਾਅ ਵਿੱਚ ਅੰਤਿਮ ਦਰਸ਼ਨਾਂ ਲਈ ਰੱਖਿਆ ਗਿਆ ਹੈ। ਰਤਨ ਟਾਟਾ ਪਾਰਸੀ ਭਾਈਚਾਰੇ ਤੋਂ ਆਉਂਦੇ ਹਨ ਪਰ ਉਨ੍ਹਾਂ ਦਾ ਅੰਤਿਮ ਸੰਸਕਾਰ ਪਾਰਸੀ ਰੀਤੀ ਰਿਵਾਜਾਂ ਦੀ ਬਜਾਏ ਹਿੰਦੂ ਪਰੰਪਰਾਵਾਂ ਅਨੁਸਾਰ ਕੀਤੀ ਗਈ। ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਅੱਜ ਸਾਮ ਮੁੰਬਈ ਦੇ ਵਰਲੀ ਸਥਿਤ ਇਲੈਕਟ੍ਰਿਕ ਸਮਸਾਨਘਾਟ ਵਿੱਚ ਰੱਖਿਆ ਗਿਆ ਸੀ। ਇੱਥੇ ਕਰੀਬ 45 ਮਿੰਟ ਤੱਕ ਪ੍ਰੇਅਰ ਹੋਵੇਗੀ, ਜਿਸ ਤੋਂ ਬਾਅਦ ਅੰਤਿਮ ਸੰਸਕਾਰ ਦੀ ਇਲੈਕਟ੍ਰਿਕ ਪ੍ਰਕਿਰਿਆ ਪੂਰੀ ਕੀਤੀ ਗਈ। ਪਰਿਵਾਰ ਮੁਤਾਬਕ ਉਨ੍ਹਾਂ ਦੀ ਦੇਹ ਨੂੰ ਸਮਸਾਨਘਾਟ 'ਚ ਰਾਸਟਰੀ ਝੰਡੇ 'ਚ ਲਿਪਟਾਇਆ ਜਾਵੇਗਾ ਅਤੇ ਸਰਕਾਰੀ ਸਨਮਾਨਾਂ ਅਨੁਸਾਰ ਤੋਪਾਂ ਦੀ ਸਲਾਮੀ ਦਿੱਤੀ ਜਾਵੇਗੀ। ਪ੍ਰਾਰਥਨਾ ਹਾਲ ਵਿੱਚ ਪਾਰਸੀ ਪਰੰਪਰਾ ਅਨੁਸਾਰ 'ਗੇਹ-ਸਾਰਨੁ' ਪੜ੍ਹਿਆ ਜਾਵੇਗਾ। ਰਤਨ ਟਾਟਾ ਦੀ ਮ੍ਰਿਤਕ ਦੇਹ 'ਤੇ (ਉਨ੍ਹਾਂ ਦੇ ਮੂੰਹ 'ਤੇ) ਕੱਪੜੇ ਦਾ ਟੁਕੜਾ ਰੱਖ ਕੇ 'ਅਹਨਾਵੇਤੀ' ਦਾ ਪੂਰਾ ਪਹਿਲਾ ਅਧਿਆਇ ਪੜ੍ਹਿਆ ਜਾਵੇਗਾ। ਇਹ ਸਾਂਤੀ ਪ੍ਰਾਰਥਨਾ ਦੀ ਪ੍ਰਕਿਰਿਆ ਹੈ। ਪ੍ਰਾਰਥਨਾ ਹਾਲ ਵਿੱਚ ਲਗਭਗ 200 ਲੋਕ ਮੌਜੂਦ ਹੋ ਸਕਦੇ ਹਨ। ਇਹ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ ਮ੍ਰਿਤਕ ਦੇਹ ਨੂੰ ਬਿਜਲੀ ਦੇ ਸਮਸਾਨਘਾਟ ਵਿੱਚ ਰੱਖਿਆ ਜਾਵੇਗਾ ਅਤੇ ਅੰਤਿਮ ਸੰਸਕਾਰ ਦੀ ਪ੍ਰਕਿਰਿਆ ਪੂਰੀ ਕੀਤੀ ਜਾਵੇਗੀ। ਰਤਨ ਟਾਟਾ ਦੇ ਦਿਹਾਂਤ 'ਤੇ ਮਹਾਰਾਸਟਰ ਸਰਕਾਰ ਨੇ ਸੂਬੇ 'ਚ ਇਕ ਦਿਨ ਦੇ ਸਰਕਾਰੀ ਸੋਗ ਦਾ ਐਲਾਨ ਕੀਤਾ ਹੈ। ਇਸ ਦੌਰਾਨ ਸੂਬੇ ਦੇ ਸਰਕਾਰੀ ਦਫਤਰਾਂ 'ਚ ਤਿਰੰਗਾ ਅੱਧਾ ਝੁਕਿਆ ਰਹੇਗਾ। ਮਹਾਰਾਸਟਰ ਵਿੱਚ ਅੱਜ ਕੋਈ ਮਨੋਰੰਜਨ ਪ੍ਰੋਗਰਾਮ ਨਹੀਂ ਆਯੋਜਿਤ ਕੀਤਾ ਜਾਵੇਗਾ। ਦੇਸ ਦੇ ਉੱਘੇ ਕਾਰੋਬਾਰੀ ਰਤਨ ਟਾਟਾ ਦਾ ਦਿਹਾਂਤ ਹੋ ਗਿਆ ਹੈ ਅਤੇ ਇਸ ਦੇ ਨਾਲ ਹੀ ਵਪਾਰ ਜਗਤ ਵਿੱਚ ਇੱਕ ਪੂਰੇ ਯੁੱਗ ਦਾ ਵੀ ਅੰਤ ਹੋ ਗਿਆ ਹੈ। ਉਨ੍ਹਾਂ ਦੀ ਅਗਵਾਈ 'ਚ ਲੂਣ ਤੋਂ ਲੈ ਕੇ ਟਰੱਕ ਬਣਾਉਣ ਤੱਕ ਦੇ ਕਾਰੋਬਾਰ 'ਚ ਸਾਮਲ ਟਾਟਾ ਗਰੁੱਪ ਬਾਜਾਰ ਮੁੱਲ ਦੇ ਲਿਹਾਜ ਨਾਲ ਦੇਸ ਦਾ ਸਭ ਤੋਂ ਵੱਡਾ ਸਮੂਹ ਬਣ ਗਿਆ ਹੈ। ਟਾਟਾ ਗਰੁੱਪ, ਜੋ ਕਿ 1868 ਵਿੱਚ ਇੱਕ ਵਪਾਰਕ ਫਰਮ ਤੋਂ ਸ਼ੁਰੂ ਹੋਇਆ ਸੀ। ਇਸ ਵਿੱਚ ਇਸ ਸਮੇਂ ਲਗਭਗ 100 ਕੰਪਨੀਆਂ ਹਨ, ਜਿਨ੍ਹਾਂ ਦੀ ਦੇਸ ਦੀ ਕੁੱਲ ਜੀਡੀਪੀ ਵਿੱਚ ਦੋ ਫੀਸਦੀ ਹਿੱਸੇਦਾਰੀ ਹੈ। ਬਾਜਾਰ 'ਚ ਸੂਚੀਬੱਧ 16 ਕੰਪਨੀਆਂ ਦੀ ਕੁੱਲ ਕੀਮਤ 33 ਲੱਖ ਕਰੋੜ ਰੁਪਏ ਹੈ।

ਟਾਟਾ ਦੀ ਵੈੱਬਸਾਈਟ ਅਨੁਸਾਰ, ਟਾਟਾ ਗਰੁੱਪ, ਜਿਸ ਨੇ 1868 ਵਿੱਚ ਇੱਕ ਵਪਾਰਕ ਫਰਮ ਵਜੋਂ ਸ਼ੁਰੂਆਤ ਕੀਤੀ ਸੀ, ਨੇ ਦੇਸ ਨੂੰ ਪਹਿਲੀ ਵੱਡੀ ਸਟੀਲ ਕੰਪਨੀ, ਪਹਿਲੀ ਲਗਜਰੀ ਹੋਟਲ ਅਤੇ ਪਹਿਲੀ ਸਵਦੇਸੀ ਖਪਤਕਾਰ ਵਸਤੂਆਂ ਦੀ ਕੰਪਨੀ ਦਿੱਤੀ। ਟਾਟਾ ਸਮੂਹ ਨੇ ਖੁਦ ਦੇਸ ਦੀ ਪਹਿਲੀ ਹਵਾਬਾਜੀ ਕੰਪਨੀ ਟਾਟਾ ਏਅਰਲਾਈਨਜ ਦੀ ਸ਼ੁਰੂਆਤ ਕੀਤੀ, ਜੋ ਬਾਅਦ ਵਿੱਚ ਏਅਰ ਇੰਡੀਆ ਬਣ ਗਈ। ਆਜਾਦੀ ਤੋਂ ਪਹਿਲਾਂ ਹੀ ਦੇਸ ਨੂੰ ਟਾਟਾ ਮੋਟਰਜ ਦੇ ਟਰੱਕ ਮਿਲਣੇ ਸ਼ੁਰੂ ਹੋ ਗਏ ਸਨ। ਮੌਜੂਦਾ ਸਮੇਂ 'ਚ ਟਾਟਾ ਗਰੁੱਪ ਦੀਆਂ ਬਾਜਾਰ ਸੂਚੀਬੱਧ ਕੰਪਨੀਆਂ ਦਾ ਕੁੱਲ ਮੁੱਲ ਲਗਭਗ 33 ਲੱਖ ਕਰੋੜ ਰੁਪਏ ਹੈ। ਰਤਨ ਟਾਟਾ 1991 ਵਿੱਚ ਇਸ ਗਰੁੱਪ ਦੇ ਮੁਖੀ ਬਣੇ। ਉਸ ਸਮੇਂ ਉਦਾਰੀਕਰਨ ਦਾ ਦੌਰ ਸ਼ੁਰੂ ਹੋ ਰਿਹਾ ਸੀ ਅਤੇ ਰਤਨ ਟਾਟਾ ਨੇ ਦੁਨੀਆ ਭਰ ਵਿਚ ਆਪਣੇ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ ਸਨ। ਟਾਟਾ ਗਰੁੱਪ ਨੇ ਟੈਟਲੀ ਟੀ ਦੀ ਖਰੀਦ ਕੀਤੀ। ਇਸ ਤੋਂ ਇਲਾਵਾ ਉਸਨੇ ਬੋਸਟਨ ਵਿੱਚ ਬੀਮਾ ਕੰਪਨੀ ਏਆਈਜੀ ਨਾਲ ਸਾਂਝੇ ਉੱਦਮ ਵਜੋਂ ਇੱਕ ਬੀਮਾ ਕੰਪਨੀ ਸ਼ੁਰੂ ਕੀਤੀ। ਉਸਨੇ ਯੂਰਪ ਦੀ ਕੋਰਸ ਸਟੀਲ ਅਤੇ ਜੇ.ਐਲ.ਆਰ. ਦਾ ਵੀ ਰਲੇਵਾਂ ਕੀਤਾ। ਗਰੁੱਪ ਦਾ ਮੁਖੀ ਬਣਨ ਤੋਂ ਬਾਅਦ ਰਤਨ ਟਾਟਾ ਨੇ ਪ੍ਰਬੰਧਨ ਦੇ ਪੁਰਾਣੇ ਨਿਯਮਾਂ 'ਚ ਵੱਡੇ ਬਦਲਾਅ ਕੀਤੇ ਹਨ। ਉਨ੍ਹਾਂ ਕਿਹਾ ਕਿ ਸਮੂਹ ਨੂੰ ਇੱਕ ਦਿਸਾ ਦੀ ਲੋੜ ਹੈ ਅਤੇ ਸਮੂਹ ਪ੍ਰਣਾਲੀ ਕੇਂਦਰੀਕ੍ਰਿਤ ਹੋਣੀ ਚਾਹੀਦੀ ਹੈ। ਵਿਅਕਤੀਗਤ ਟਾਪੂਆਂ ਨੂੰ ਜੋੜਨਾ ਹੋਵੇਗਾ। ਇਸ ਤਰ੍ਹਾਂ ਉਸਨੇ ਕੇਂਦਰੀ ਕੰਮਕਾਜ ਸ਼ੁਰੂ ਕਰ ਦਿੱਤਾ। ਰਤਨ ਟਾਟਾ ਨੇ ਸਭ ਤੋਂ ਪਹਿਲਾਂ ਗਰੁੱਪ ਕੰਪਨੀਆਂ 'ਚ ਟਾਟਾ ਸੰਨਜ ਦੀ ਹਿੱਸੇਦਾਰੀ ਨੂੰ ਵਧਾ ਕੇ ਘੱਟ ਤੋਂ ਘੱਟ 26 ਫੀਸਦੀ ਤੱਕ ਵਧਾਉਣ 'ਤੇ ਜੋਰ ਦਿੱਤਾ। ਉਸ ਦੇ ਸਾਹਮਣੇ ਦੂਜੀ ਜ਼ਿੰਮੇਵਾਰੀ ਜੋਸ ਭਰਨਾ ਅਤੇ ਆਪਣੇ ਵਿਸਾਲ ਸਮੂਹ ਨੂੰ ਦਿਸਾ ਪ੍ਰਦਾਨ ਕਰਨਾ ਸੀ। ਇਸ ਲਈ, ਉਸਨੇ ਇੱਕ ਅਜਿਹੇ ਕਾਰੋਬਾਰ ਤੋਂ ਬਾਹਰ ਨਿਕਲਣ ਦਾ ਫੈਸਲਾ ਕੀਤਾ ਜਿਸ ਦਾ ਬਾਕੀ ਸਮੂਹ ਦੇ ਨਾਲ ਤਾਲਮੇਲ ਨਹੀਂ ਸੀ। ਸੀਮਿੰਟ ਕੰਪਨੀ ਏ.ਸੀ.ਸੀ., ਕਾਸਮੈਟਿਕਸ ਕੰਪਨੀ ਲੈਕਮੇ ਅਤੇ ਟੈਕਸਟਾਈਲ ਕਾਰੋਬਾਰ ਵੇਚਿਆ ਗਿਆ। ਕਰੀਬ 175 ਸਹਾਇਕ ਕੰਪਨੀਆਂ 'ਤੇ ਆਪਣੀ ਪਕੜ ਮਜਬੂਤ ਕਰਨ ਲਈ ਰਤਨ ਟਾਟਾ ਨੇ ਗਰੁੱਪ ਕੰਪਨੀਆਂ ਤੋਂ ਰਾਇਲਟੀ ਲੈਣੀ ਸ਼ੁਰੂ ਕਰ ਦਿੱਤੀ।

ਜੰਮੂ ਕਸ਼ਮੀਰ 'ਚ ਨਵੀਂ ਸਰਕਾਰ ਲਈ ਮਹਿੰਗਾਈ ਤੇ ਬੇਰੁਜਗਾਰੀ ਸਭ ਤੋਂ ਵੱਡੀ ਚੁਣੌਤੀ : ਫਾਰੂਕ

ਸ਼੍ਰੀਨਗਰ 10 ਅਕਤੂਬਰ। ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਫਾਰੂਕ ਅਬਦੁੱਲਾ ਨੇ ਬੁੱਧਵਾਰ ਨੂੰ ਕਿਹਾ ਕਿ ਜੰਮੂ ਕਸ਼ਮੀਰ 'ਚ ਨਵੀਂ ਸਰਕਾਰ ਲਈ ਬਹੁਤ ਸਾਰੀਆਂ ਚੁਣੌਤੀਆਂ ਹਨ ਅਤੇ ਸਭ ਤੋਂ ਵੱਡੀ ਚੁਣੌਤੀ ਮਹਿੰਗਾਈ ਅਤੇ ਬੇਰੁਜਗਾਰੀ ਹੈ। ਡਾ. ਅਬਦੁੱਲਾ ਨੇ ਸ਼੍ਰੀਨਗਰ 'ਚ ਆਪਣੇ ਗੁਪਕਾਰ ਵਿਕਾਸ 'ਤੇ ਕਿਹਾ,"ਮੈਨੂੰ ਉਨ੍ਹਾਂ ਲੋਕਾਂ ਤੋਂ ਬਹੁਤ ਡਰ ਹੈ, ਜਿਨ੍ਹਾਂ ਨੇ ਸਾਨੂੰ ਵੋਟ ਦਿੱਤਾ ਅਤੇ ਭਰੋਸਾ ਕੀਤਾ। ਭਗਵਾਨ ਸਾਨੂੰ ਉਸ ਭਰੋਸੇ ਨੂੰ ਸਾਬਿਤ ਕਰਨ 'ਚ ਮਦਦ ਕਰਨ।" ਉਨ੍ਹਾਂ ਕਿਹਾ ਕਿ ਬਹੁਤ ਸਾਰੀਆਂ ਚੁਣੌਤੀਆਂ ਹਨ ਅਤੇ



ਸਭ ਤੋਂ ਵੱਡੀ ਚੁਣੌਤੀ ਮਹਿੰਗਾਈ ਅਤੇ ਲੋਕਾਂ ਦਰਮਿਆਨ ਜਬਰਦਸਤ ਬੇਰੁਜਗਾਰੀ ਦਾ ਦੁੱਖ ਹੈ। ਉਨ੍ਹਾਂ ਕਿਹਾ,"ਸਾਡੇ ਬੱਚੇ ਸਿੱਖਿਅਤ ਹਨ ਪਰ ਬੇਰੁਜਗਾਰ ਹਨ... ਸਾਨੂੰ ਉਨ੍ਹਾਂ ਨੂੰ ਰੁਜਗਾਰ ਦੇਣਾ ਹੋਵੇਗਾ।" ਉਨ੍ਹਾਂ ਜੋਰ ਦਿੱਤਾ ਕਿ ਜੰਮੂ ਕਸ਼ਮੀਰ ਦੇ 2 ਖੇਤਰਾਂ ਦਰਮਿਆਨ ਪੈਦਾ ਹੋਏ ਮਤਭੇਦਾਂ ਨੂੰ ਘੱਟ ਕਰਨਾ ਹੋਵੇਗਾ। ਡਾ. ਅਬਦੁੱਲਾ ਨੇ ਕਿਹਾ,"ਅਸੀਂ ਕਸ਼ਮੀਰ ਅਤੇ ਜੰਮੂ ਦੇ ਲੋਕਾਂ ਵਿਚਾਲੇ ਅੰਤਰ ਨਹੀਂ ਕਰਾਂਗੇ, ਭਾਵੇਂ ਹੀ ਉਨ੍ਹਾਂ ਨੇ ਸਾਡੇ ਪੱਖ 'ਚ ਵੋਟ ਨਾ ਦਿੱਤਾ ਹੋਵੇ। ਉਨ੍ਹਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰਨਾ ਵੀ ਸਾਡਾ ਕਰੱਤਵ ਹੈ।"

ਹਰਿਆਣਾ 'ਚ ਭਾਜਪਾ ਦੀ '50', ਆਜਾਦ ਵੀ ਦੇ ਗਏ ਸਮਰਥਨ

ਹਰਿਆਣਾ 10 ਅਕਤੂਬਰ। ਹਰਿਆਣਾ 'ਚ ਭਾਜਪਾ 48 ਸੀਟਾਂ ਜਿੱਤ ਕੇ ਜਿੱਥੇ 50 ਦੇ ਅੰਕੜੇ ਨੂੰ ਛੂਹਣ ਵਿਚ ਨਾਕਾਮ ਰਹੀ, ਉੱਥੇ ਹੀ ਬਹੁਮਤ ਮਿਲਣ ਦੇ ਬਾਵਜੂਦ ਅੱਜ 2 ਆਜਾਦ ਵਿਧਾਇਕਾਂ ਵਲੋਂ ਭਾਜਪਾ ਨੂੰ ਸਮਰਥਨ ਦਾ ਐਲਾਨ ਕਰ ਦਿੱਤਾ ਗਿਆ। ਜਿਸ ਦੇ ਨਾਲ ਭਾਜਪਾ ਦੀ ਹਰਿਆਣਾ ਵਿਚ ਹਾਫ ਸੈਂਚੂਰੀ ਪੂਰੀ ਹੋ ਗਈ

ਹੈ। ਦੱਸਣਯੋਗ ਹੈ ਕਿ ਹਰਿਆਣਾ ਵਿਧਾਨ ਸਭਾ ਚੋਣਾਂ 'ਚ ਭਾਜਪਾ ਨੂੰ ਸ਼ਾਨਦਾਰ ਜਿੱਤ ਮਿਲੀ ਹੈ। ਪਾਰਟੀ ਨੇ ਲਗਾਤਾਰ ਤੀਜੀ ਵਾਰ ਸੱਤਾ 'ਚ ਵਾਪਸੀ ਕੀਤੀ ਹੈ। ਇਸ ਦਰਮਿਆਨ ਪਾਰਟੀ ਨੂੰ 2 ਹੋਰ ਆਜਾਦ ਵਿਧਾਇਕਾਂ ਦਾ ਸਮਰਥਨ ਮਿਲ ਗਿਆ ਹੈ। ਚੋਣਾਂ 'ਚ ਜਿੱਤ ਦੀ ਹੈਟ੍ਰਿਕ ਤੋਂ ਬਾਅਦ 2 ਆਜਾਦ ਵਿਧਾਇਕਾਂ ਦੇਵੇਂਦਰ ਕਾਦਯਾਨ ਅਤੇ ਰਾਜੇਸ਼ ਜੂਨ ਭਾਜਪਾ 'ਚ ਸ਼ਾਮਲ ਹੋ ਗਏ ਹਨ। ਦੋਵੇਂ ਹੀ ਵਿਧਾਇਕਾਂ ਨੇ ਕੇਂਦਰੀ ਮੰਤਰੀ ਅਤੇ ਭਾਜਪਾ ਦੇ ਹਰਿਆਣਾ ਇੰਚਾਰਜ ਧਰਮੇਂਦਰ ਪ੍ਰਧਾਨ ਦੇ ਘਰ ਪ੍ਰਦੇਸ਼ ਭਾਜਪਾ ਪ੍ਰਧਾਨ ਮੋਹਨ ਲਾਲ ਬੜੌਲੀ ਦੀ ਮੌਜੂਦਗੀ 'ਚ ਪਾਰਟੀ ਦੀ ਮੈਂਬਰਤਾ ਲਈ। ਦੱਸਣਯੋਗ ਹੈ ਕਿ ਜੰਮੂ ਕਸ਼ਮੀਰ ਅਤੇ ਹਰਿਆਣਾ 'ਚ ਹੋਈਆਂ ਵਿਧਾਨ ਸਭਾ ਚੋਣਾਂ 'ਚ ਭਾਜਪਾ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਹਰਿਆਣਾ 'ਚ ਭਾਜਪਾ ਨੇ ਤੀਜੀ ਵਾਰ ਸੱਤਾ 'ਚ ਵਾਪਸੀ ਕੀਤੀ ਹੈ। ਉੱਥੇ ਹੀ ਜੰਮੂ 'ਚ ਭਾਵੇਂ ਹੀ ਭਾਜਪਾ ਸੱਤਾ ਤੱਕ ਨਹੀਂ ਪਹੁੰਚ ਸਕੀ ਪਰ ਉਸ ਦੇ ਵੋਟ ਸ਼ੇਅਰ 'ਚ ਵਾਧਾ ਹੋਇਆ ਹੈ।

ਭਾਜਪਾ ਪੱਛਮੀ ਬੰਗਾਲ 'ਚ ਬੇਇਨਸਾਫੀ ਨਾਲ ਲੜਨ ਲਈ ਵਚਨਬੱਧ : ਨੱਡਾ

ਕੋਲਕਾਤਾ 10 ਅਕਤੂਬਰ। ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਜੇ. ਪੀ. ਨੱਡਾ ਨੇ ਕਿਹਾ ਹੈ ਕਿ ਉਨ੍ਹਾਂ ਦੀ ਪਾਰਟੀ ਪੱਛਮੀ ਬੰਗਾਲ 'ਚ ਹੋ ਰਹੀ ਬੇਇਨਸਾਫੀ ਨਾਲ ਲੜਨ ਲਈ ਵਚਨਬੱਧ ਹੈ। ਕੇਂਦਰੀ ਸਿਹਤ ਮੰਤਰੀ ਨੱਡਾ ਨੇ ਵੀਰਵਾਰ ਕੋਲਕਾਤਾ 'ਚ ਦੁਰਗਾ ਪੂਜਾ ਪੰਡਾਲ 'ਚ ਪਹੁੰਚ ਕੇ ਇਸ ਗੱਲ ਦਾ ਜ਼ਿਕਰ ਕੀਤਾ। ਕੋਲਕਾਤਾ 'ਚ ਆਰ. ਜੀ. ਕਰ ਮੈਡੀਕਲ ਕਾਲਜ ਤੇ ਹਸਪਤਾਲ 'ਚ ਇਕ ਮਹਿਲਾ ਡਾਕਟਰ ਨਾਲ ਜਬਰ-ਜਨਾਹ ਪਿੱਛੋਂ ਹੱਤਿਆ ਦੇ ਮਾਮਲੇ ਨੂੰ ਲੈ ਕੇ ਵਿਰੋਧ ਪ੍ਰਦਰਸਨ ਹੋ ਰਹੇ ਹਨ। ਦੱਸ ਦੇਈਏ ਕਿ ਨੱਡਾ ਇਕ ਦਿਨ ਦੇ ਦੌਰੇ 'ਤੇ ਸਵੇਰੇ 11 ਵਜੇ ਕੋਲਕਾਤਾ ਪਹੁੰਚੇ। ਭਾਜਪਾ ਦੀ ਸੂਬਾ ਇਕਾਈ ਦੇ ਪ੍ਰਧਾਨ ਸੁਕਾਂਤ ਮਜੂਮਦਾਰ ਤੇ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਸੁਭੇਂਦੂ ਅਧਿਕਾਰੀ ਵੀ ਉਨ੍ਹਾਂ ਨਾਲ ਸਨ। ਸਭ ਤੋਂ ਪਹਿਲਾਂ ਉਹ ਸਪਤਮੀ ਦੇ ਮੌਕੇ 'ਤੇ ਹਾਵੜਾ 'ਚ ਰਾਮਕ੍ਰਿਸਨ ਮਿਸਨ ਦੇ ਹੈੱਡਕੁਆਰਟਰ ਬੇਲੂਰ ਮੱਠ ਪਹੁੰਚੇ।

ਭਾਜਪਾ ਦੀ ਹਾਰ ਲਈ ਜਾਟਾਂ ਨੇ ਕਾਂਗਰਸ ਨੂੰ ਦਿੱਤੀ ਵੋਟ, ਬਸਪਾ ਛੱਡੀ: ਮਾਇਆਵਤੀ

ਏਜੰਸੀਆਂ

ਨਵੀਂ ਦਿੱਲੀ 10 ਅਕਤੂਬਰ। ਬਸਪਾ ਨੇਤਾ ਮਾਇਆਵਤੀ ਨੇ ਬੁੱਧਵਾਰ ਨੂੰ ਇਸ ਗੱਲ 'ਤੇ ਅਫਸੋਸ ਜਤਾਇਆ ਕਿ ਹਰਿਆਣਾ ਦੇ ਜਾਟ ਭਾਈਚਾਰੇ ਨੇ ਵਿਧਾਨ ਸਭਾ ਚੋਣਾਂ 'ਚ ਉਨ੍ਹਾਂ ਦੀ ਪਾਰਟੀ ਨੂੰ ਵੋਟ ਨਹੀਂ ਦਿੱਤੀ। ਉਹਨਾਂ ਨੂੰ ਇੰਝ ਲੱਗ ਰਿਹਾ ਕਿ ਦਲਿਤਾਂ ਦੇ ਪ੍ਰਤੀ ਉਹਨਾਂ (ਜਾਟਾਂ) ਦੀ ਮਾਨਸਿਕਤਾ ਨੂੰ ਬਦਲਣ ਦੀ ਲੋੜ ਹੈ। ਪਾਰਟੀ ਦੇ ਸੰਸਥਾਪਕ ਕਾਂਸੀਰਾਮ ਦੀ ਬਰਸੀ ਮਨਾਉਣ ਲਈ ਰਾਸਟਰੀ ਰਾਜਧਾਨੀ ਵਿੱਚ ਆਈ ਮਾਇਆਵਤੀ ਨੇ ਇਸ ਗੱਲ 'ਤੇ ਅਫਸੋਸ ਜਤਾਇਆ ਕਿ ਬਹੁਜਨ ਸਮਾਜ ਪਾਰਟੀ (ਬਸਪਾ) ਦਾ ਇੰਡੀਅਨ ਨੈਸਨਲ ਲੋਕ ਦਲ (ਇਨੈਲੋ) ਨਾਲ ਗਠਜੋੜ ਉਨ੍ਹਾਂ ਦੀ ਪਾਰਟੀ ਲਈ ਫਾਇਦੇਮੰਦ ਨਹੀਂ ਰਿਹਾ। ਮਾਇਆਵਤੀ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਨੂੰ ਹਰਾਉਣ ਅਤੇ ਉਸ ਨੂੰ ਸੱਤਾ ਤੋਂ ਬਾਹਰ ਰੱਖਣ ਲਈ ਹਰਿਆਣਾ ਦੇ ਜਾਟ ਭਾਈਚਾਰੇ ਨੇ ਕਾਂਗਰਸ ਨੂੰ ਵੋਟ ਦਿੱਤੀ ਪਰ ਇਸ ਪ੍ਰਕਿਰਿਆ ਵਿਚ ਉਨ੍ਹਾਂ ਨੇ ਬਸਪਾ ਨੂੰ ਛੱਡ ਦਿੱਤਾ। ਉਨ੍ਹਾਂ ਕਿਹਾ ਕਿ ਦਲਿਤਾਂ ਦੀਆਂ ਵੋਟਾਂ ਜਿਥੇ ਇਨੈਲੋ ਵੱਲ ਗਈਆਂ, ਉਥੇ ਜਾਟ ਵੋਟਾਂ ਉਨ੍ਹਾਂ ਦੀ ਪਾਰਟੀ ਨੂੰ ਨਹੀਂ ਮਿਲੀਆਂ। ਉਨ੍ਹਾਂ ਪੱਤਰਕਾਰਾਂ ਨੂੰ ਕਿਹਾ, "ਬਸਪਾ ਉਮੀਦਵਾਰਾਂ ਨੂੰ ਸਿਰਫ ਦਲਿਤ ਵੋਟਾਂ ਮਿਲੀਆਂ ਹਨ। ਜੇਕਰ ਸਾਨੂੰ ਦੋ ਤੋਂ ਤਿੰਨ ਫੀਸਦੀ ਜਾਟ ਵੋਟਾਂ ਵੀ ਮਿਲ ਜਾਂਦੀਆਂ ਤਾਂ ਅਸੀਂ ਕੁਝ ਸੀਟਾਂ ਜਿੱਤ ਸਕਦੇ ਸੀ।" ਉਨ੍ਹਾਂ ਕਿਹਾ ਕਿ ਉੱਤਰ ਪ੍ਰਦੇਸ ਵਿੱਚ ਦਲਿਤਾਂ ਦੇ ਪ੍ਰਤੀ ਜਾਟ ਭਾਈਚਾਰੇ ਦੀ ਮਾਨਸਿਕਤਾ ਵਿੱਚ ਬਦਲਾਅ ਆਇਆ ਹੈ ਪਰ ਹਰਿਆਣਾ ਵਿੱਚ ਅਜਿਹਾ ਹੋਣਾ ਅਜੇ ਬਾਕੀ ਹੈ। ਸੂਬੇ 'ਚ ਇਨੈਲੋ ਨੇ ਦੋ ਸੀਟਾਂ ਜਿੱਤੀਆਂ, ਜਦਕਿ ਬਸਪਾ ਨੂੰ ਇਕ ਵੀ ਸੀਟ ਨਹੀਂ ਮਿਲੀ। ਸੱਤਾ ਵਿਰੋਧੀ ਲਹਿਰ ਹੋਣ ਦੇ ਬਾਵਜੂਦ ਸੱਤਾਧਾਰੀ ਭਾਜਪਾ ਨੇ ਹਰਿਆਣਾ ਵਿੱਚ ਜਿੱਤਾਂ ਦੀ ਹੈਟ੍ਰਿਕ ਲਗਾਈ ਅਤੇ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਦੀ ਵਾਪਸੀ ਦੀ

ਤੁਸੀਂ ਵੀ ਘਟਾਉਣਾ ਚਾਹੁੰਦੇ ਹੋ ਭਾਰ ਤਾਂ ਇਨ੍ਹਾਂ ਫੂਡਸ ਨੂੰ ਕਰੋ ਨਜਰਅੰਦਾਜ

ਨਵੀਂ ਦਿੱਲੀ 10 ਅਕਤੂਬਰ। ਭਾਰ ਘਟਾਉਣ ਲਈ ਸਿਰਫ ਕਸਰਤ ਕਰਨਾ ਜਾਂ ਜਿੰਮ ਜਾਣਾ ਹੀ ਬਹੁਤ ਜ਼ਰੂਰੀ ਨਹੀਂ ਹੁੰਦਾ ਸਗੋਂ ਇਸ ਦੇ ਨਾਲ ਹੀ ਆਪਣੇ ਖਾਣ-ਪੀਣ

'ਤੇ ਧਿਆਨ ਦੇਣਾ ਵੀ ਜ਼ਰੂਰੀ ਹੁੰਦਾ ਹੈ। ਕੁਝ ਲੋਕ ਜਿੰਮ ਵੀ ਜਾਂਦੇ ਹਨ ਅਤੇ ਕਸਰਤ ਵੀ ਕਰਦੇ ਹਨ ਪਰ ਉਨ੍ਹਾਂ ਨੂੰ ਫਾਇਦਾ ਬਿਲਕੁਲ ਵੀ ਨਹੀਂ ਹੁੰਦਾ ਕਿਉਂਕਿ ਉਹ ਆਪਣੀ ਡਾਈਟ 'ਚ ਅਜਿਹੇ ਫੂਡਸ ਸ਼ਾਮਲ ਕਰ ਲੈਂਦੇ ਹਨ ਜਿਨ੍ਹਾਂ 'ਚ ਕੈਲੋਰੀ ਬਹੁਤ ਹੀ ਜ਼ਿਆਦਾ ਮਾਤਰਾ 'ਚ ਹੁੰਦੀ ਹੈ। ਅੱਜ ਅਸੀਂ ਤੁਹਾਨੂੰ ਅਜਿਹੇ ਹੀ ਫੂਡਸ ਬਾਰੇ ਦੱਸਣ ਜਾ ਰਹੇ ਹਾਂ ਜਿਨ੍ਹਾਂ ਨੂੰ ਨਜ਼ਰਅੰਦਾਜ਼ ਕਰ ਕੇ ਤੁਸੀਂ ਆਪਣੇ ਮੋਟਾਪੇ ਨੂੰ ਘਟਾ ਸਕਦੇ ਹੋ। ਸਫੈਦ ਚੌਲਾਂ 'ਚ ਪੋਸ਼ਕ ਤੱਤਾਂ ਦੀ ਕਮੀ ਹੋਣ ਤੋਂ ਇਲਾਵਾ ਇਹ ਭਾਰ ਨੂੰ ਬਹੁਤ ਤੇਜ਼ੀ ਨਾਲ ਵਧਾਉਂਦੇ ਹਨ। ਇਹ ਬਲੱਡ ਸ਼ੂਗਰ ਨੂੰ ਵੀ ਵਧਾ ਦਿੰਦੇ ਹਨ। ਇਸ ਲਈ ਆਪਣੀ ਡਾਈਟ 'ਚ ਸਫੈਦ ਚੌਲਾਂ ਦੀ ਥਾਂ 'ਤੇ ਬ੍ਰਾਊਨ ਰਾਈਸ ਨੂੰ ਸ਼ਾਮਲ ਕਰੋ। ਇਸ 'ਚ ਪੋਸ਼ਕ ਤੱਤ ਵੀ ਕਾਫੀ ਮਾਤਰਾ 'ਚ ਹੁੰਦੇ ਹਨ। ਅੰਗੂਰ ਭਾਵੇਂ ਹੀ ਹੈਲਦੀ ਫਰੂਟ ਹੈ ਪਰ ਇਸ 'ਚ ਸ਼ੂਗਰ ਦੀ ਮਾਤਰਾ ਕਾਫੀ ਜ਼ਿਆਦਾ ਮੌਜੂਦ ਹੁੰਦੀ ਹੈ। ਜੇ ਤੁਸੀਂ ਇਸ ਨੂੰ ਖਾਂਦੇ ਹੋ ਤਾਂ ਇਸ ਨੂੰ ਪਚਾਉਣ ਲਈ ਤੁਹਾਨੂੰ ਸੈਰ ਕਰਨ ਦੀ ਜ਼ਰੂਰਤ ਵੀ ਪੈ ਸਕਦੀ ਹੈ। ਜੇ ਤੁਸੀਂ ਇਸ ਦੀ ਵਰਤੋਂ ਕਰਦੇ ਹੋ ਤਾਂ ਤੁਸੀਂ ਸ਼ੂਗਰ ਲੈਵਲ ਨੂੰ ਸਥਿਰ ਕਰਨ ਲਈ ਇਸ ਨਾਲ ਆਪਣੀ ਡਾਈਟ 'ਚ ਘੱਟ ਮਾਤਰਾ 'ਚ ਕੈਲੋਰੀ ਦੀ ਵਰਤੋਂ ਕਰੋ। ਕੁਝ ਲੋਕਾਂ ਦਾ ਮੰਨਣਾ ਹੁੰਦਾ ਹੈ ਕਿ ਘੱਟ ਕੈਲੋਰੀ ਵਾਲੇ ਸਨੈਕਸ ਨੂੰ ਖਾਣ ਨਾਲ ਭਾਰ ਨੂੰ ਘੱਟ ਕੀਤਾ ਜਾ ਸਕਦਾ ਹੈ ਤਾਂ ਤੁਹਾਡੇ ਲਈ ਇਹ ਮੰਨਣਾ ਗਲਤ ਹੋ ਸਕਦਾ ਹੈ। ਇਸ ਲਈ ਤੁਸੀਂ ਆਪਣੀ ਭੁੱਖ ਨੂੰ ਮਿਟਾਉਣ ਲਈ ਸਨੈਕਸ ਦੀ ਥਾਂ 'ਤੇ ਆਪਣੇ ਭੋਜਨ ਨੂੰ ਹੀ ਸ਼ਾਮਲ ਕਰੋ। ਜਿਨ੍ਹਾਂ ਲੋਕਾਂ ਨੂੰ ਕੋਲਡ੍ਰਿੰਕ ਪਸੰਦ ਹੁੰਦੀ ਹੈ ਉਨ੍ਹਾਂ ਦਾ ਮੰਨਣਾ ਹੁੰਦਾ ਹੈ ਕਿ ਡਾਈਟ 'ਚ ਸੋਡਾ ਪੀਣ ਨਾਲ ਉਨ੍ਹਾਂ ਦਾ ਭਾਰ ਨਹੀਂ ਵਧੇਗਾ ਤਾਂ ਉਨ੍ਹਾਂ ਦੀ ਇਹ ਗੱਲ ਬਿਲਕੁਲ ਵੀ ਸਹੀਂ ਨਹੀਂ ਹੈ। ਇਸ ਨੂੰ ਪੀਣ ਨਾਲ ਭੁੱਖ ਵਧ ਜਾਂਦੀ ਹੈ, ਜਿਸ ਕਾਰਨ ਤੁਸੀਂ ਭੋਜਨ ਜ਼ਿਆਦਾ ਖਾਣ ਲੱਗਦੇ ਹੋ। ਜਿਸ ਨਾਲ ਭਾਰ ਤੇਜ਼ੀ ਨਾਲ ਵਧ ਜਾਂਦਾ ਹੈ। ਅਨਾਜ ਵਾਲੇ ਨਾਸ਼ਤੇ 'ਚ ਭਾਵੇਂ ਹੀ ਵਸਾ ਦੀ ਮਾਤਰਾ ਘੱਟ ਹੁੰਦੀ ਹੈ ਪਰ ਉਸ 'ਚ ਸ਼ੂਗਰ ਦੀ ਮਾਤਰਾ ਕਾਫੀ ਮੌਜੂਦ ਹੁੰਦੀ ਹੈ। ਸ਼ੂਗਰ ਦੀ ਮਾਤਰਾ ਜ਼ਿਆਦਾ ਹੋਣ ਕਾਰਨ ਭਾਰ ਘਟਾਉਣ ਦੀ ਸਮੱਸਿਆ ਹੋ ਜਾਂਦੀ ਹੈ। ਇਸ ਲਈ ਤੁਸੀਂ ਆਪਣੇ ਨਾਸ਼ਤੇ 'ਚ ਕੁਦਰਤੀ ਅਤੇ ਆਰਗੇਨਿਕ ਫੂਡ ਸ਼ਾਮਲ ਕਰੋ। ਸੂਪ 'ਚ ਤੁਸੀਂ ਹਲਕੀ-ਫੁਲਕੀ ਭੁੱਖ ਤਾਂ ਮਿਟਾ ਲੈਂਦੇ ਹੋ ਪਰ ਇਸ 'ਚ ਸੋਡੀਅਮ ਦੀ ਮਾਤਰਾ ਬਹੁਤ ਜ਼ਿਆਦਾ ਹੁੰਦੀ ਹੈ। ਜਿਸ ਕਾਰਨ ਤੁਹਾਡੀ ਭੁੱਖ ਤੇਜ਼ੀ ਨਾਲ ਵਧ ਜਾਂਦੀ ਹੈ ਅਤੇ ਤੁਸੀਂ ਜ਼ਿਆਦਾ ਮਾਤਰਾ 'ਚ ਭੋਜਨ ਲੈਂਦੇ ਹੋ, ਇਸ ਲਈ ਜੇ ਤੁਸੀਂ ਸੂਪ ਲੈਣਾ ਹੀ ਤਾਂ ਘੱਟ ਸੋਡੀਅਮ ਵਾਲਾ ਸੂਪ ਲਓ।

ਸਬ ਜੇਲ੍ਹ ਪੱਟੀ 'ਚ ਬੰਦ ਹਵਾਲਾਤੀ ਪਾਸੋਂ ਮੋਬਾਈਲ ਬਰਾਮਦ

ਤਰਨਤਾਰਨ 10 ਅਕਤੂਬਰ। ਸਬ ਜੇਲ੍ਹ ਪੱਟੀ ਵਿਖੇ ਬੰਦ ਹਵਾਲਾਤੀ ਪਾਸੋਂ ਜੇਲ੍ਹ ਪ੍ਰਸ਼ਾਸਨ ਵੱਲੋਂ ਇਕ ਮੋਬਾਈਲ ਫੋਨ ਬਰਾਮਦ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਜਿਸ ਸਬੰਧੀ ਥਾਣਾ ਸਿਟੀ ਪੱਟੀ ਵਿਖੇ ਮੁਲਜ਼ਮ ਖਿਲਾਫ ਪਰਚਾ ਦਰਜ ਕਰਦੇ ਹੋਏ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਪ੍ਰਾਪਤ ਜਾਣਕਾਰੀ ਦੇ ਅਨੁਸਾਰ ਸਭ ਜੇਲ੍ਹ ਪੱਟੀ ਦੇ ਇੰਚਾਰਜ ਵਾਰੰਟ ਅਫ਼ਸਰ ਦਲੀਪ ਸਿੰਘ ਵੱਲੋਂ ਜੇਲ ਅੰਦਰ ਚਲਾਏ ਗਏ ਤਲਾਸ਼ੀ ਅਭਿਆਨ ਦੌਰਾਨ ਹਵਾਲਾਤੀ ਜਗਰੂਪ ਸਿੰਘ ਪੁੱਤਰ ਸਕੱਤਰ ਸਿੰਘ ਵਾਸੀ ਮਾਣੋਚਾਹਲ, ਜਿਸ ਦੇ ਖਿਲਾਫ ਥਾਣਾ ਖਾਲੜਾ ਵਿਖੇ ਏਅਰ ਕਰਾਫਟ ਐਕਟ ਤਹਿਤ ਮਾਮਲਾ ਦਰਜ ਹੈ ਉਸ ਪਾਸੋਂ ਇਕ ਮੋਬਾਈਲ ਫੋਨ ਬਰਾਮਦ ਕੀਤਾ ਗਿਆ ਹੈ। ਹਵਾਲਾਤੀ ਵੱਲੋਂ ਇਸ ਬਰਾਮਦ ਕੀਤੇ ਗਏ ਮੋਬਾਈਲ ਫੋਨ ਦੀ ਕਿੰਨੇ ਸਮੇਂ ਤੋਂ ਵਰਤੋਂ ਕੀਤੀ ਜਾ ਰਹੀ ਸੀ ਅਤੇ ਇਸ ਪਾਸ ਕਿਸ ਤਰ੍ਹਾਂ ਪੁੱਜਾ ਦੀ ਬਰੀਕੀ ਨਾਲ ਥਾਣਾ ਸਿਟੀ ਪੱਟੀ ਦੀ ਪੁਲਸ ਵੱਲੋਂ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਸਿਟੀ ਪੱਟੀ ਦੇ ਏ.ਐੱਸ.ਆਈ ਬਲਬੀਰ ਸਿੰਘ ਨੇ ਦੱਸਿਆ ਕਿ ਹਵਾਲਾਤੀ ਜਗਰੂਪ ਸਿੰਘ ਖਿਲਾਫ ਪਰਚਾ ਦਰਜ ਕਰਦੇ ਹੋਏ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

ਪੁਲਸ ਮੁਲਾਜਮਾਂ ਤੋਂ ਬਾਅਦ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਦੀਆਂ ਛੁੱਟੀਆਂ ਵੀ ਹੋਈਆਂ ਰੱਦ

ਲੁਧਿਆਣਾ 10 ਅਕਤੂਬਰ। 15 ਅਕਤੂਬਰ ਨੂੰ ਹੋਣ ਵਾਲੀਆਂ ਗ੍ਰਾਮ ਪੰਚਾਇਤ ਚੋਣਾਂ 2024 ਦੇ ਮੱਦੇਨਜ਼ਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਨੇ ਸਮੂਹ ਸਕੂਲ ਮੁਖੀਆਂ ਨੂੰ ਹਦਾਇਤਾਂ ਜਾਰੀ ਕਰਦਿਆਂ ਸਪੱਸ਼ਟ ਹਦਾਇਤਾਂ ਦਿੱਤੀਆਂ ਹਨ ਕਿ ਕਿਸੇ ਵੀ ਅਧਿਕਾਰੀ ਜਾਂ ਮੁਲਾਜ਼ਮ ਨੂੰ ਇਸ ਦੌਰਾਨ ਛੁੱਟੀ ਜਾਂ ਸਟੇਸ਼ਨ ਛੁੱਟੀ ਨਾ ਦਿੱਤੀ ਜਾਵੇ। ਇਹ ਹਦਾਇਤਾਂ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਅਤੇ ਵਧੀਕ ਜ਼ਿਲ੍ਹਾ ਚੋਣ ਅਫ਼ਸਰ ਦੇ ਹੁਕਮਾਂ ਤਹਿਤ ਜਾਰੀ ਕੀਤੀਆਂ ਗਈਆਂ ਹਨ। ਜ਼ਿਲ੍ਹਾ ਸਿੱਖਿਆ ਅਫ਼ਸਰ ਨੇ ਕਿਹਾ ਕਿ ਜਿਹੜੇ ਅਧਿਕਾਰੀ ਜਾਂ ਮੁਲਾਜ਼ਮ ਪਹਿਲਾਂ ਹੀ ਛੁੱਟੀ ਲੈ ਚੁੱਕੇ ਹਨ, ਉਨ੍ਹਾਂ ਦੀਆਂ ਛੁੱਟੀਆਂ ਤੁਰੰਤ ਪ੍ਰਭਾਵ

ਨਾਲ ਰੱਦ ਕੀਤੀਆਂ ਜਾਣ। ਇਹ ਕਦਮ ਪੰਚਾਇਤੀ ਚੋਣ ਪ੍ਰਕਿਰਿਆ 'ਚ ਕੋਈ ਰੁਕਾਵਟ ਨਾ ਆਵੇ ਅਤੇ ਸਾਰੀਆਂ ਲੋੜੀਂਦੀਆਂ ਚੋਣਾਂ ਦੀਆਂ ਤਿਆਰੀਆਂ ਸਮੇਂ ਸਿਰ ਮੁਕੰਮਲ ਹੋਣ ਨੂੰ ਯਕੀਨੀ ਬਣਾਉਣ ਲਈ ਚੁੱਕਿਆ ਗਿਆ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਪੰਜਾਬ ਪੁਲਸ ਦੇ ਮੁਲਾਜਮਾਂ ਦੀਆਂ ਛੁੱਟੀਆਂ ਵੀ ਪੰਚਾਇਤੀ ਚੋਣਾਂ ਦੇ ਮੱਦੇਨਜਰ ਰੱਦ ਕਰ ਦਿੱਤੀਆਂ ਗਈਆਂ ਸਨ। ਸਾਰੇ ਸਕੂਲ ਮੁਖੀਆਂ ਨੂੰ ਇਨ੍ਹਾਂ ਹਦਾਇਤਾਂ ਦੀ ਗੰਭੀਰਤਾ ਨਾਲ ਪਾਲਣਾ ਕਰਨ ਦੇ ਆਦੇਸ਼ ਦਿੱਤੇ ਗਏ ਹਨ। ਨਾਲ ਹੀ ਚੋਣ ਪ੍ਰਕਿਰਿਆ ਦੌਰਾਨ ਸਿੱਖਿਆ ਵਿਭਾਗ ਦੇ ਮੁਲਾਜ਼ਮਾਂ ਨੂੰ ਵੀ ਵੱਖ-ਵੱਖ ਚੋਣ ਡਿਊਟੀਆਂ ਲਈ ਤਾਇਨਾਤ ਕੀਤਾ ਜਾ ਸਕਦਾ ਹੈ। ਇਸ ਕਾਰਨ ਉਨ੍ਹਾਂ ਨੂੰ ਹਮੇਸ਼ਾ ਤਿਆਰ ਰਹਿਣ ਅਤੇ ਆਪੋ-ਆਪਣੇ ਕੰਮ ਵਾਲੀ ਥਾਂ 'ਤੇ ਰਹਿਣ ਦੀ ਸਲਾਹ ਦਿੱਤੀ ਗਈ ਹੈ। ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਨ ਵਾਲੇ ਅਧਿਕਾਰੀਆਂ ਤੇ ਮੁਲਾਜ਼ਮਾਂ ਖਿਲਾਫ ਸਖ਼ਤ ਕਾਰਵਾਈ ਕਰਨ ਦੀ ਚਿਤਾਵਨੀ ਵੀ ਦਿੱਤੀ ਗਈ ਹੈ, ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਚੋਣ ਪ੍ਰਕਿਰਿਆ ਨੂੰ ਸੁਚਾਰੂ ਅਤੇ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਕੋਈ ਢਿੱਲ ਨਹੀਂ ਦਿੱਤੀ ਜਾਵੇਗੀ।

ਕੰਮ ਕਰਨ ਬਦਲੇ ਪਟਵਾਰੀ ਮੰਗ ਰਿਹਾ ਸੀ ਰਿਸ਼ਵਤ, 5 ਹਜਾਰ ਲੈਂਦਾ ਵਿਜੀਲੈਂਸ ਬਿਊਰੋ ਨੇ ਰੰਗੇ ਹੱਥੀਂ ਕੀਤਾ ਕਾਬੂ

ਮੂਨਕ 10 ਅਕਤੂਬਰ। ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ 'ਚ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਜ਼ਿਲ੍ਹਾ ਸੰਗਰੂਰ ਦੇ ਮੂਨਕ ਵਿਖੇ ਤਾਇਨਾਤ ਮਾਲ ਪਟਵਾਰੀ ਅਮਰੀਕ ਸਿੰਘ ਨੂੰ 5,000 ਰੁਪਏ ਦੀ ਰਿਸਵਤ ਲੈਂਦਿਆਂ ਰੰਗੇ-ਹੱਥੀਂ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮਾਲ ਪਟਵਾਰੀ ਨੂੰ ਸੰਗਰੂਰ ਜ਼ਿਲ੍ਹੇ ਦੇ ਪਿੰਡ ਬੱਲਰਾਂ ਦੇ ਵਸਨੀਕ ਵਕੀਲ ਸਿੰਘ ਵੱਲੋਂ ਦਰਜ ਕਰਵਾਈ ਸ਼ਿਕਾਇਤ ਦੇ ਆਧਾਰ 'ਤੇ ਕਾਬੂ ਕੀਤਾ ਗਿਆ

ਹੈ। ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਆਪਣੀ ਜਮੀਨ ਦੀ ਇੰਤਕਾਲ ਦੀ ਦਰਖਾਸਤ ਦਿੱਤੀ ਸੀ ਪਰ ਉਕਤ ਪਟਵਾਰੀ ਉਸ ਤੋਂ ਕੰਮ ਕਰਨ ਬਦਲੇ 15,000 ਰੁਪਏ ਦੀ ਰਿਸਵਤ ਮੰਗ ਰਿਹਾ ਸੀ ਅਤੇ ਸੌਦਾ 10,000 ਰੁਪਏ 'ਚ ਤੈਅ ਹੋ ਗਿਆ। ਸ਼ਿਕਾਇਤਕਰਤਾ ਨੇ ਦੋਸ਼ ਲਾਇਆ ਕਿ ਕਥਿਤ ਮੁਲਜ਼ਮ ਪਹਿਲਾਂ ਹੀ 5,000 ਰੁਪਏ ਲੈ ਚੁੱਕਾ ਹੈ ਅਤੇ ਰਿਸਵਤ ਦੇ ਬਾਕੀ ਪੈਸੇ ਮੰਗ ਰਿਹਾ ਹੈ। ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਜਿਸ ਦੌਰਾਨ ਉਕਤ ਪਟਵਾਰੀ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜਰੀ 'ਚ ਸ਼ਿਕਾਇਤਕਰਤਾ ਤੋਂ 5,000 ਰੁਪਏ ਦੀ ਰਿਸਵਤ ਲੈਂਦਿਆਂ ਰੰਗੇ-ਹੱਥੀਂ ਕਾਬੂ ਕਰ ਲਿਆ ਗਿਆ। ਇਸ ਸਬੰਧੀ ਮੁਲਜਮ ਖਿਲਾਫ ਵਿਜੀਲੈਂਸ ਬਿਊਰੋ ਥਾਣਾ ਪਟਿਆਲਾ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕਰ ਕੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਗਈ ਹੈ।

ਕੰਮ ਤੋਂ ਕੱਢਣ 'ਤੇ ਨੌਕਰਾਣੀ ਸਾਥੀਆਂ ਨਾਲ ਰਲ ਕੇ ਕਰ ਗਈ ਕਾਂਡ

ਲੁਧਿਆਣਾ 10 ਅਕਤੂਬਰ। ਕੰਮ ਤੋਂ ਕੱਢਣ 'ਤੇ ਗੁੱਸੇ 'ਚ ਆਈ ਘਰੇਲੂ ਨੌਕਰਾਣੀ ਨੇ ਆਪਣੇ ਸਾਥੀਆਂ ਨੂੰ ਲੈ ਕੇ ਇਕ ਪਰਿਵਾਰ 'ਤੇ ਹਮਲਾ ਕਰ ਦਿੱਤਾ। ਇਸ ਦੌਰਾਨ ਹਥਿਆਰਾਂ ਨਾਲ ਲੈਸ ਹਮਲਾਵਰਾਂ ਨੇ ਘਰ 'ਚ ਮੌਜੂਦ ਔਰਤਾਂ ਅਤੇ ਲੜਕੀਆਂ ਦੇ ਕੱਪੜੇ ਪਾੜ ਦਿੱਤੇ ਅਤੇ ਉਨ੍ਹਾਂ ਨਾਲ ਕੁੱਟਮਾਰ ਕਰ ਕੇ ਅਸ਼ਲੀਲ ਹਰਕਤਾਂ ਨੂੰ ਅੰਜਾਮ ਦਿੱਤਾ। ਜਦੋਂ ਆਂਢ-ਗੁਆਂਢ ਦੇ ਲੋਕ ਵਿਚ ਬਚਾਅ ਲਈ ਆਏ ਤਾਂ ਹਮਲਾਵਰ ਮੌਕੇ ਤੋਂ ਫਰਾਰ ਹੋ ਗਏ। ਜ਼ਖਮੀਆਂ ਨੂੰ ਇਲਾਜ ਲਈ ਹਸਪਤਾਲ ਪਹੁੰਚਾਇਆ। ਪਤਾ ਲਗਦੇ ਹੀ ਥਾਣਾ ਹੈਬੋਵਾਲ ਦੀ ਪੁਲਸ ਨੇ ਮੌਕੇ ਦਾ ਮੁਆਇਨਾ ਕਰਨ ਤੋਂ ਬਾਅਦ ਕਾਰਵਾਈ ਸ਼ੁਰੂ ਕਰ ਦਿੱਤੀ। ਪੁਲਸ ਨੇ ਚੂਹੜਪੁਰ ਸੰਤ ਵਿਹਾਰ ਦੇ ਰਹਿਣ ਵਾਲੇ ਅਮਿਤ ਕਟਾਰੀਆ ਦੇ ਬਿਆਨ 'ਤੇ ਵਿਜੇ ਕੁਮਾਰ, ਅੰਸ਼ੂ, ਅਭਿਸ਼ੇਕ, ਆਕਾਸ਼, ਸੀਮਾ, ਤਮੰਨਾ ਅਤੇ ਉਸ ਦੇ ਬੇਟੇ, ਸ਼ਾਂਤੀ ਦੇ ਦੋਵੇਂ ਬੇਟੇ, ਪਾਸਟਰ, ਪਾਸਟਰ ਦੀ ਪਤਨੀ, ਬੇਟੀਆਂ, ਨੂੰਹ, ਸੈਮ, ਗੀਤੂ ਅਤੇ ਉਨ੍ਹਾਂ ਦੇ ਸਾਥੀਆਂ ਖਿਲਾਫ ਬੀ. ਐੱਨ. ਐੱਸ. ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨ 'ਚ ਅਮਿਤ ਕਟਾਰੀਆ ਨੇ ਦੱਸਿਆ ਕਿ ਮੁਲਜ਼ਮ ਸ਼ਾਂਤੀ ਉਨ੍ਹਾਂ ਦੇ ਘਰ 'ਚ ਸਾਫ-ਸਫਾਈ ਦਾ ਕੰਮ ਕਰਦੀ ਸੀ। ਨੌਕਰਾਣੀ ਨੇ ਉਸ ਦੀ ਬੇਟੀ ਦੇ ਗਲੇ 'ਤੇ ਗਲਤ ਨੀਅਤ ਨਾਲ ਚਾਕੂ ਰੱਖ ਦਿੱਤਾ ਸੀ, ਜਿਸ ਨੇ ਬੜੀ ਮੁਸ਼ਕਲ ਨਾਲ ਆਪਣਾ ਬਚਾਅ ਕੀਤਾ। ਇਸ ਗੱਲ ਨੂੰ ਲੈ ਕੇ ਉਨ੍ਹਾਂ ਨੇ ਸ਼ਾਂਤੀ ਨੂੰ ਕੰਮ ਤੋਂ ਕੱਢ ਦਿੱਤਾ ਪਰ ਮੁਲਜ਼ਮ ਨੇ ਰੰਜਿਸ਼ ਰੱਖਣੀ ਸ਼ੁਰੂ ਕਰ ਦਿੱਤੀ। 21 ਸਤੰਬਰ ਨੂੰ ਮੁਲਜ਼ਮ ਵਿਜੇ ਕੁਮਾਰ, ਸ਼ਾਂਤੀ ਹੋਰਨਾਂ ਲੋਕਾਂ ਨਾਲ ਉਨ੍ਹਾਂ ਦੇ ਘਰ 'ਚ ਦਾਖਲ ਹੋਏ। ਮੁਲਜ਼ਮ ਹਥਿਆਰਾਂ ਨਾਲ ਲੈਸ ਸਨ। ਮੁਲਜ਼ਮ ਨੇ ਘਰ 'ਚ ਦਾਖਲ ਹੋ ਕੇ ਉਸ ਦੀ, ਉਸ ਦੀ ਪਤਨੀ ਅਤੇ ਦੋਵੇਂ ਬੇਟੀਆਂ ਨਾਲ ਕੁੱਟਮਾਰ ਕਰ ਕੇ ਜ਼ਖਮੀ ਕਰ ਦਿੱਤਾ। ਹਮਲਾਵਰਾਂ ਨੇ ਇਸ ਦੌਰਾਨ ਉਸ ਦੀਆਂ ਬੇਟੀਆਂ ਦੇ ਕੱਪੜੇ ਪਾੜ ਦਿੱਤੇ ਅਤੇ ਉਨ੍ਹਾਂ ਨਾਲ ਅਸ਼ਲੀਲ ਹਰਕਤਾਂ ਕੀਤੀਆਂ। ਹਮਲਾਵਰਾਂ ਨੇ ਉਸ ਦੀ ਸੋਨੇ ਦੀ ਚੇਨ, ਉਸ ਦੀ ਪਤਨੀ ਦੇ ਗਹਿਣੇ ਵੀ ਚੋਰੀ ਕਰ ਲਏ। ਪੁਲਸ ਨੇ ਜਾਂਚ ਕਰ ਕੇ ਮੁਲਜ਼ਮਾਂ ਖ਼ਿਲਾਫ ਕੇਸ ਦਰਜ ਕੀਤਾ ਹੈ। ਜਾਂਚ ਅਧਿਕਾਰੀ ਨੇ ਦੱਸਿਆ ਕਿ ਮਾਮਲੇ ਸਬੰਧੀ ਕਾਰਵਾਈ ਕੀਤੀ ਜਾ ਰਹੀ ਹੈ।

ਆਖਿਰ ਹੋ ਹੀ ਗਈ ਗ੍ਰੀਨ ਬੈਲਟ ਦੀ ਜਗ੍ਹਾ 'ਤੇ ਬਣੀ ਬਿਲਡਿੰਗ ਖਿਲਾਫ ਕਾਰਵਾਈ

ਲੁਧਿਆਣਾ 10 ਅਕਤੂਬਰ। ਲੁਧਿਆਣਾ ਦੇ ਟ੍ਰਾਂਸਪੋਰਟ ਨਗਰ ਵਿਚ ਗ੍ਰੀਨ ਬੈਲਟ ਦੀ ਜਗ੍ਹਾ 'ਤੇ ਬਣੀ ਬਿਲਡਿੰਗ ਦੇ ਖ਼ਿਲਾਫ ਆਖ਼ਿਰਕਾਰ ਕਾਰਵਾਈ ਹੋ ਗਈ ਹੈ। ਇਸ ਬਿਲਡਿੰਗ ਦਾ ਨਿਰਮਾਣ ਨਗਰ ਨਿਗਮ ਜੋਨ ਬੀ ਦੇ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਕੀਤਾ ਗਿਆ ਸੀ। ਸ਼ਾਇਦ ਇਹੀ ਕਾਰਨ ਹੈ ਕਿ ਇੰਪਰੂਵਮੈਂਟ ਟਰੱਸਟ ਵੱਲੋਂ ਕਈ ਵਾਰ ਨੋਟਿਸ ਜਾਰੀ ਕਰਨ ਦੇ ਬਾਵਜੂਦ ਬਿਲਡਿੰਗ ਦੇ ਖ਼ਿਲਾਫ ਕਾਰਵਾਈ ਨਹੀਂ ਕੀਤੀ ਜਾ ਰਹੀ ਸੀ। ਇਸ ਦੇ ਮੱਦੇਨਜਰ ਇੰਪਰੂਵਮੈਂਟ ਟਰੱਸਟ ਵੱਲੋਂ ਡੀ.ਸੀ. ਨੂੰ ਰਿਪੋਰਟ ਭੇਜੀ ਗਈ। ਦੱਸਿਆ ਜਾ ਰਿਹਾ ਹੈ ਕਿ ਡੀ.ਸੀ. ਦੇ ਦਖਲ ਦੇਣ ਮਗਰੋਂ ਨਗਰ ਨਿਗਮ ਤੇ ਇੰਪਰੂਵਮੈਂਟ ਟਰੱਸਟ ਵੱਲੋਂ ਬਿਲਡਿੰਗ ਨੂੰ ਤੋੜਣ ਲਈ ਸਾਂਝੀ ਕਾਰਵਾਈ ਕੀਤੀ ਗਈ ਹੈ।

2 ਸਾਲ ਪਹਿਲਾਂ ਅਮਰੀਕਾ ਗਏ ਨੌਜਵਾਨ ਦੀ ਮੌਤ, ਹੱਥੀਂ ਪੁੱਤ ਦੀਆਂ ਅੰਤਿਮ ਰਸਮਾਂ ਤਕ ਨਹੀਂ ਕਰ ਸਕੇ ਮਾਪੇ

ਜਲੰਧਰ 10 ਅਕਤੂਬਰ। ਅਮਰੀਕਾ ਤੋਂ ਮੰਦਭਾਗੀ ਖਬਰ ਸਾਹਮਣੇ ਆਈ ਹੈ। ਇਥੇ ਪੰਜਾਬੀ ਨੌਜਵਾਨ ਦੀ ਸੜਕ ਹਾਦਸੇ ਵਿਚ ਮੌਤ ਹੋ ਗਈ।

ਮ੍ਰਿਤਕ ਦੀ ਪਛਾਣ ਉਤਕਰਸ ਮੁੰਜਾਲ ਵਾਸੀ ਬਸਤੀ ਪੀਰਦਾਦ ਜਲੰਧਰ ਵਜੋਂ ਹੋਈ ਹੈ। ਉਤਕਰਸ਼ ਦੋ ਸਾਲ ਪਹਿਲਾਂ ਸਟੱਡੀ ਵੀਜਾ 'ਤੇ ਅਮਰੀਕਾ ਗ

ਕੈਬ ਡਰਾਈਵਰ ਦੀ ਧੌਣ ਵੱਢ ਕੇ ਬੇਰਹਿਮੀ ਨਾਲ ਕੀਤਾ ਕਤਲ

ਨਵਾਂਗਾਓਂ 10 ਅਕਤੂਬਰ। ਨਿਊ ਚੰਡੀਗੜ੍ਹ ਬੈਰੀਅਰ ਕੋਲ ਕੈਬ ਡਰਾਈਵਰ ਦਾ ਕਤਲ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਕੈਬ ਡਰਾਈਵਰ ਗੱਡੀ 'ਚ ਲਹੂ-ਲੁਹਾਨ ਹਾਲਤ 'ਚ ਪਿਆ ਹੋਇਆ ਸੀ, ਜਿਸ ਦੀ ਜਾਣਕਾਰੀ ਪੁਲਸ ਨੂੰ ਮਿਲੀ। ਪੁਲਸ ਜਦੋਂ ਮੌਕੇ 'ਤੇ ਪਹੁੰਚੀ ਤਾਂ ਕੈਬ ਡਰਾਈਵਰ ਦੀ ਧੌਣ 'ਤੇ ਕਿਸੇ ਤੇਜ਼ਧਾਰ ਹਥਿਆਰ ਨਾਲ ਵਾਰ ਕੀਤੇ ਹੋਏ ਸਨ। ਨਿਊ ਚੰਡੀਗੜ੍ਹ ਥਾਣੇ ਦੇ ਐੱਸ. ਐੱਚ. ਓ. ਸਤਿੰਦਰ ਸਿੰਘ ਮੌਕੇ 'ਤੇ ਪੁਲਸ ਪਾਰਟੀ ਨਾਲ ਪਹੁੰਚੇ ਅਤੇ ਕੈਬ ਡਰਾਈਵਰ ਨੂੰ ਪੀ. ਜੀ. ਆਈ. ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਜਾਂਚ ਤੋਂ ਬਾਅਦ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਉਸ ਦੀ ਪਛਾਣ ਧਰਮਪਾਲ (40) ਵਜੋਂ ਹੋਈ ਹੈ, ਜੋ ਕਿ ਮੂਲਰੂਪ ਤੋਂ ਰਾਜਸਥਾਨ ਦਾ ਰਹਿਣ ਵਾਲਾ ਸੀ ਅਤੇ ਮੌਜੂਦਾ ਸਮੇਂ 'ਚ ਜ਼ੀਰਕਪੁਰ 'ਚ ਰਹਿੰਦਾ ਸੀ। ਪੁਲਸ ਨੇ ਅਣਪਛਾਤੇ ਖਿ?ਲਾਫ ਕਤਲ ਦਾ ਮਾਮਲਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਉੱਥੇ ਹੀ ਦੇਰ ਰਾਤ ਲਗਭਗ 12.30 ਵਜੇ ਮ੍ਰਿਤਕ ਦਾ ਪਰਿਵਾਰ ਨਿਊ ਚੰਡੀਗੜ੍ਹ ਥਾਣੇ 'ਚ ਪਹੁੰਚ ਗਿਆ ਸੀ ਅਤੇ ਪੁਲਸ ਉਨ੍ਹਾਂ ਤੋਂ ਵੀ ਜਾਣਕਾਰੀ ਜੁਟਾਉਣ 'ਚ ਜੁੱਟੀ ਹੋਈ ਸੀ। ਪੁਲਸ ਤੋਂ ਮਿਲੀ ਜਾਣਕਾਰੀ ਅਨੁਸਾਰ ਕੈਬ ਡਰਾਈਵਰ ਚਿੱਟੇ ਰੰਗ ਦੀ ਈਟੀਓਸ ਗੱਡੀ 'ਚ ਲਹੂ-ਲੁਹਾਨ ਹਾਲਤ 'ਚ ਪਿਆ ਹੋਇਆ ਸੀ। ਉੱਥੇ ਹੀ ਉਸਦੀ ਧੌਣ 'ਤੇ ਤੇਜ਼ਧਾਰ ਹਥਿਆਰਾਂ ਨਾਲ ਵਾਰ ਕੀਤੇ ਹੋਏ ਸਨ। ਸੂਤਰਾਂ ਅਨੁਸਾਰ ਸਵਾਰੀ ਨੇ ਹੀ ਇਸ ਕਤਲ ਨੂੰ ਅੰਜਾਮ ਦਿੱਤਾ ਲੱਗਦਾ ਹੈ। ਸੂਤਰ ਦੱਸਦੇ ਹਨ ਕਿ ਇਹ ਕੈਬ ਸੈਕਟਰ-43 ਚੰਡੀਗੜ੍ਹ ਤੋਂ ਨਿਊ ਚੰਡੀਗੜ੍ਹ ਲਈ ਬੁੱਕ ਹੋਈ ਸੀ ਅਤੇ ਬੈਰੀਅਰ ਕੋਲ ਸਵਾਰੀ ਨੇ ਡਰਾਈਵਰ ਦੀ ਧੌਣ 'ਤੇ ਪਿੱਛੋਂ ਤੇਜ਼ਧਾਰ ਹਥਿਆਰ ਨਾਲ ਵਾਰ ਕਰ ਦਿੱਤੇ। ਪੁਲਸ ਵੱਖ-ਵੱਖ ਪਹਿਲੂਆਂ ਤੋਂ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ। ਉੱਥੇ ਹੀ ਪੁਲਸ ਵਲੋਂ ਇਹ ਵੀ ਵੇਖਿਆ ਜਾ ਰਿਹਾ ਹੈ ਕਿ ਇਹ ਕੈਬ ਇੱਥੇ ਕਿਵੇਂ ਪਹੁੰਚੀ ਅਤੇ ਸਵਾਰੀ ਸੀ ਤਾਂ ਉਹ ਕਿੱਥੇ ਗਾਇਬ ਹੋ ਗਈ? ਕੈਬ ਡਰਾਈਵਰ ਦੇ ਕਤਲ ਦੇ ਇਸ ਮਾਮਲੇ ਨੂੰ ਸੁਲਝਾਉਣ ਲਈ ਪੁਲਸ ਆਸ-ਪਾਸ ਦੇ ਇਲਾਕੇ 'ਚ ਲੱਗੇ ਸੀ. ਸੀ. ਟੀ. ਵੀ. ਕੈਮਰਿਆਂ ਦੀ ਫੁਟੇਜ ਖੰਘਾਲਣ 'ਚ ਲੱਗੀ ਹੋਈ ਸੀ।

ਗੋਇੰਦਵਾਲ ਸਾਹਿਬ ਵਿਖੇ ਨਸ਼ਿਆਂ ਦਾ ਧੰਦਾ ਜ਼ੋਰਾਂ 'ਤੇ, ਲੋਕਾਂ ਨੂੰ ਕਰਨਾ ਪੈ ਰਿਹੈ ਮੁਸ਼ਕਿਲਾਂ ਦਾ ਸਾਹਮਣਾ

ਗੋਇੰਦਵਾਲ ਸਾਹਿਬ 10 ਅਕਤੂਬਰ। ਪੰਜਾਬ 'ਚ ਨਸ਼ਿਆਂ ਦੇ ਸੇਵਨ ਨਾਲ ਦਿਨੋਂ-ਦਿਨ ਹਜ਼ਾਰਾਂ ਨੌਜਵਾਨ ਮੌਤ ਦੇ ਮੂੰਹ 'ਚ ਜਾ ਰਹੇ ਹਨ ਤੇ ਇਹ ਸਿਲਸਿਲਾ ਲਗਾਤਾਰ ਜਾਰੀ ਹੈ। ਨਸ਼ਿਆਂ ਨੂੰ ਰੋਕਣ ਲਈ ਸਮੇਂ-ਸਮੇਂ ਦੀਆਂ ਸਰਕਾਰਾਂ ਨੇ ਕਈ ਅਹਿਮ ਫੈਸਲੇ ਲਏ ਪਰ ਉਹ ਨਸ਼ੇ ਦੀ ਤਸਕਰੀ ਨੂੰ ਪੂਰੀ ਤਰ੍ਹਾਂ ਰੋਕਣ 'ਚ ਨਾਕਾਮ ਰਹੇ ਅਤੇ ਨਸ਼ਿਆਂ ਦੇ ਮੁੱਦੇ 'ਤੇ ਸਿਆਸਤ 'ਚ ਵੱਡੇ ਫੇਰ ਬਦਲ ਦੇਖਣ ਨੂੰ ਮਿਲੇ। ਪੰਜਾਬ ਵਿਚਲੀ ਸੱਤਾਧਾਰੀ ਪਾਰਟੀ ਵਲੋਂ ਵੀ ਇਹ ਦਾਅਵਾ ਕੀਤਾ ਗਿਆ ਸੀ ਕਿ ਨਸ਼ਿਆਂ ਦੇ ਕਾਰੋਬਾਰ ਕਰਨ ਵਾਲਿਆਂ ਨਾਲ ਸਖਤੀ ਨਾਲ ਨਜਿੱਠਿਆ ਜਾਵੇਗਾ ਪਰ ਇਨ੍ਹਾਂ ਦਾਅਵਿਆਂ ਦੀ ਫੂਕ ਨਿਕਲਦੀ ਦਿਖਾਈ ਦੇ ਰਹੀ ਹੈ, ਜਿਸ ਦੀ ਮਿਸਾਲ ਜ਼ਿਲ੍ਹਾ ਤਰਨਤਾਰਨ ਦੇ ਕਸਬਾ ਗੋਇੰਦਵਾਲ ਸਾਹਿਬ ਤੋਂ ਮਿਲਦੀ ਹੈ, ਜਿੱਥੇ ਸ਼ਰੇਆਮ ਵੱਖ-ਵੱਖ ਮੁਹੱਲਿਆਂ 'ਚ ਘਰਾਂ ਤੋਂ ਹੀ ਨਸ਼ਿਆਂ ਦੀ ਤਸਕਰੀ ਕੀਤੀ ਜਾ ਰਹੀ ਹੈ। ਕਸਬੇ ਅੰਦਰ ਦੂਰੋਂ-ਨੇੜਿਓਂ ਸਾਰਾ ਦਿਨ ਨਸ਼ੇੜੀਆਂ ਦਾ ਆਉਣਾ-ਜਾਣਾ ਲੱਗਿਆ ਰਹਿੰਦਾ ਹੈ, ਜਿਸ ਕਾਰਨ ਆਮ ਲੋਕਾਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੂਤਰਾਂ ਅਨੁਸਾਰ ਮੁਹੱਲਾ ਨਿੰਮ ਵਾਲੀ ਘਾਟੀ, ਗੁਰਦੁਆਰਾ ਚੁਬਾਰਾ ਸਾਹਿਬ ਨੇੜੇ, ਪ੍ਰਾਇਮਰੀ ਸਕੂਲ, ਮੁਹੱਲਾ ਭੰਡਾਣੀਆਂ, ਮੁਹੱਲਾ ਰਾਠੌਰ ਸਿੰਘ, ਮੰਦਰ ਵਾਲੀ ਗਲੀ, ਮੁਹੱਲਾ ਅਕਬਰਪੁਰਾ ਆਦਿ ਥਾਵਾਂ 'ਤੇ ਸ਼ਰੇਆਮ ਨਸ਼ਿਆਂ ਦਾ ਕਾਰੋਬਾਰ ਜ਼ੋਰਾਂ-ਸ਼ੋਰਾਂ 'ਤੇ ਚੱਲ ਰਿਹਾ ਹੈ। ਨਸ਼ਾ ਵੇਚਣ ਵਾਲੇ ਤਸਕਰ ਸ਼ਰੇਆਮ ਆਪੋ-ਆਪਣੇ ਘਰਾਂ 'ਚ ਬਿਨਾਂ ਕਿਸੇ ਰੁਕਾਵਟ 'ਤੇ ਸਵੇਰੇ ਅੱਠ ਵਜੇ ਤੋਂ ਲੈ ਕੇ ਰਾਤ ਤੱਕ ਬੇਖੌਫ ਹੋ ਕੇ ਨਸ਼ਾ ਵੇਚ ਰਹੇ ਹਨ। ਇਲਾਕੇ ਵਿਚ ਨਸ਼ੇੜੀਆਂ ਵਲੋਂ ਸ਼ਰੇਆਮ ਨਸ਼ੇ ਦਾ ਸੇਵਨ ਕਰਕੇ ਦਰਸ਼ਨ ਕਰਨ ਆਏ ਯਾਤਰੂਆਂ ਨੂੰ ਪ੍ਰੇਸ਼ਾਨ ਕੀਤਾ ਜਾਂਦਾ ਹੈ ਤੇ ਕਈ ਵਾਰੀ ਯਾਤਰੂਆਂ ਕੋਲੋਂ ਮੋਬਾਇਲ ਫੋਨ ਖੋਏ ਜਾਂਦੇ ਹਨ ਅਤੇ ਦਿਨ-ਦਿਹਾੜੇ ਲੁੱਟਾਂ-ਖੋਹਾਂ ਨੂੰ ਅੰਜਾਮ ਦਿੱਤਾ ਜਾਂਦਾ ਹੈ। ਪੁਲਸ ਪ੍ਰਸ਼ਾਸਨ ਵਲੋਂ ਇਸ ਸਾਰੇ ਮਾਮਲੇ ਦੀ ਜਾਣਕਾਰੀ ਹੋਣ ਕਾਰਣ ਵੀ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਇਲਾਕੇ ਅੰਦਰ

ਸਾਰਾ ਦਿਨ ਨਸ਼ੇ ਦਾ ਸੇਵਨ ਕਰਨ ਵਾਲੇ ਨਸ਼ੇੜੀਆਂ ਵਲੋਂ ਮੋਟਰਸਾਈਕਲ ਤੇਜ਼ ਰਫ਼ਤਾਰ 'ਤੇ ਚਲਾਏ ਜਾਂਦੇ ਹਨ ਤਾਂ ਜੋ ਸਕੂਲ ਆਉਣ-ਜਾਣ ਵਾਲੇ ਬੱਚਿਆਂ ਤੇ ਰਾਹਗੀਰਾਂ ਨੂੰ ਬਾਜ਼ਾਰ ਵਿਚੋਂ ਲੰਘਣਾ ਵੀ ਔਖਾ ਹੋਇਆ ਪਿਆ ਹੈ। ਇੱਥੇ ਦੱਸਣਯੋਗ ਹੈ ਕਿ ਇਤਿਹਾਸਕ ਗੁਰਦੁਆਰਾ ਸਾਹਿਬ ਦੇ ਨਜ਼ਦੀਕ ਇਕ ਘਰ ਵਿਚ ਇਕ ਵਿਅਕਤੀ ਵਲੋਂ ਸ਼ਰੇਆਮ ਨਸ਼ੇ ਦੀਆਂ ਗੋਲੀਆਂ ਤੇ ਕੈਪਸੂਲ ਅਤੇ ਹੋਰ ਨਸ਼ੀਲੇ ਪਦਾਰਥ ਬੇਖੌਫ਼ ਹੋ ਕੇ ਵੇਚੇ ਜਾ ਰਹੇ ਹਨ। ਗੋਇੰਦਵਾਲ ਸਾਹਿਬ ਵਿਖੇ ਵੱਖ-ਵੱਖ ਗੁਰਦੁਆਰਾ ਸਾਹਿਬਾਨਾਂ ਦੇ ਦਰਸ਼ਨ ਕਰਨ ਆਉਣ ਵਾਲੀਆਂ ਸੰਗਤਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਨਸ਼ਾ ਤਸਕਰਾਂ ਵਲੋਂ ਸ਼ਰੇਆਮ ਗੁਰਦੁਆਰਾ ਸਾਹਿਬਾਨਾਂ ਨਜ਼ਦੀਕ ਨਸ਼ੇ ਵੇਚੇ ਜਾ ਰਹੇ ਹਨ ਅਤੇ ਨਸ਼ੇੜੀਆਂ ਵਲੋਂ ਨਸ਼ਿਆਂ ਦਾ ਸੇਵਨ ਕਰਕੇ ਯਾਤਰੂਆਂ ਦੇ ਵਹੀਕਲਾਂ ਵਿਚੋਂ ਸਾਮਾਨ ਆਦਿ ਚੋਰੀ ਕਰਕੇ ਨਸ਼ਾ ਤਸਕਰਾਂ ਨੂੰ ਵੇਚਿਆ ਜਾ ਰਿਹਾ ਹੈ। ਇਸ ਮੌਕੇ ਇਲਾਕਾ ਨਿਵਾਸੀਆਂ ਅਤੇ ਦਰਸ਼ਨ ਕਰਨ ਆਉਣ ਵਾਲੀਆਂ ਸੰਗਤਾਂ ਅਤੇ ਮੋਹਤਬਰਾਂ ਨੇ ਪੁਲਸ ਜ਼ਿਲ੍ਹਾ ਤਰਨਤਾਰਨ ਦੇ ਐੱਸ.ਐੱਸ.ਪੀ ਕੋਲੋਂ ਮੰਗ ਕੀਤੀ ਕਿ ਨਸ਼ਾ ਤਸਕਰਾਂ ਖਿ?ਲਾਫ਼ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ ਤਾਂ ਜੋ ਦਰਸ਼ਨ ਕਰਨ ਵਾਲੀਆਂ ਸੰਗਤਾਂ ਬੇਖੌਫ਼ ਹੋ ਕੇ ਦਰਸ਼ਨ ਕਰ ਸਕਣ।

ਜੋੜੇ ਨੇ ਪੰਜ ਸਾਲਾਂ 'ਚ ਨਸੇ 'ਤੇ ਖਰਚੇ ਇਕ ਕਰੋੜ ਰੁਪਏ, ਕੰਗਾਲ ਹੋਣ 'ਤੇ ਆਇਆ ਹੋਸ, ਜਾਣੋ ਕੀ ਰਹੀ ਨਸ਼ਾ ਕਰਨ ਦੀ ਵਜ੍ਹ

ਗੁਰਦਾਸਪੁਰ 10 ਅਕਤੂਬਰ। ਇਕ ਪਿੰਡ 'ਚ ਰਹਿਣ ਵਾਲੇ ਜੋੜੇ ਨੇ ਪੰਜ ਸਾਲਾਂ 'ਚ ਹੈਰੋਇਨ ਦੇ ਨਸੇ 'ਚ ਕਰੀਬ ਇੱਕ ਕਰੋੜ ਰੁਪਏ ਖਰਚ ਕੀਤੇ। ਜਦੋਂ ਉਹ ਕੰਗਾਲੀ ਦੀ ਹਾਲਤ 'ਚ ਆਇਆ ਤਾਂ ਉਸਨੂੰ ਇਸ ਗੱਲ ਦਾ ਅਹਿਸਾਸ ਹੋਇਆ ਅਤੇ ਉਸਨੇ ਬੱਚਿਆਂ ਦੀ ਭਲਾਈ ਲਈ ਨਸਾ ਛੱਡਣ ਦਾ ਫੈਸਲਾ ਕੀਤਾ। ਪਹਿਲਾਂ ਪਤੀ ਨੇ ਰੋਂਡ ਕਰਾਸ ਨਸਾ ਛੁਡਾਊ ਕੇਂਦਰ ਪਹੁੰਚ ਕੇ ਇਲਾਜ ਕਰਵਾਇਆ। ਹੁਣ ਪਤਨੀ ਦਾ ਵੀ ਇਲਾਜ ਚੱਲ ਰਿਹਾ ਹੈ। ਔਰਤ ਦਾ ਕਹਿਣਾ ਹੈ ਕਿ ਜਦੋਂ ਉਹ ਅਣਵਿਆਹੀ ਸੀ ਤਾਂ ਉਸ ਦੇ ਸਹੇਲੀ ਨੇ ਉਸ ਨੂੰ ਨਸੇ ਦਾ ਆਦੀ ਬਣਾਇਆ ਅਤੇ ਵਿਆਹ ਤੋਂ ਬਾਅਦ ਉਸ ਨੇ ਆਪਣੇ ਪਤੀ ਨੂੰ ਨਸ਼ੇ ਦਾ ਆਦੀ ਬਣਾ ਦਿੱਤਾ। ਇਸ ਜੋੜੇ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਪੰਜ ਸਾਲਾਂ 'ਚ ਨਸਿ?ਆਂ 'ਤੇ ਇਕ ਕਰੋੜ ਤੋਂ ਵੱਧ ਖਰਚ ਕੀਤੇ ਹਨ। ਹੁਣ ਉਹ ਨਸਾ ਛੱਡਣ ਤੋਂ ਬਾਅਦ ਲੋਕਾਂ ਨੂੰ ਇਸ ਨੂੰ ਛੱਡਣ ਲਈ ਜਾਗਰੂਕ ਕਰੇਗਾ। ਔਰਤ ਅਨੁਸਾਰ ਉਸ ਦੇ ਪਿਤਾ ਦੀ ਸਾਲ 2017 ਵਿਚ ਬੀਮਾਰੀ ਕਾਰਨ ਮੌਤ ਹੋ ਗਈ ਸੀ। ਉਸ ਨੇ ਦੱਸਿਆ ਕਿ ਜਦੋਂ ਮੇਰੇ ਪਿਤਾ ਜੀ ਬੀਮਾਰ ਸੀ ਤਾਂ ਉਦੋਂ ਉਹ ਅਣਵਿਆਹੀ ਸੀ। ਉਸ ਨੇ ਕਰੀਬ ਦੋ ਲੱਖ ਰੁਪਏ ਦਾ ਕਰਜਾ ਲੈਣ ਤੋਂ ਇਲਾਵਾ ਆਪਣੇ ਪਿਤਾ ਦੇ ਇਲਾਜ ਲਈ ਘਰ ਗਿਰਵੀ ਰੱਖ ਲਿਆ ਪਰ ਕਰਜੇ ਦਾ ਬੋਝ ਵਧਦਾ ਜਾ ਰਿਹਾ ਸੀ। ਇਸ ਕਾਰਨ ਉਹ ਪ੍ਰੇਸ਼ਾਨ ਰਹਿਣ ਲੱਗੀ। ਉਸਦੀ ਇਕ ਸਹੇਲੀ ਹੈਰੋਇਨ ਦਾ ਨਸ਼ਾ

ਕਰਦੀ ਸੀ, ਉਸਨੇ ਉਸਨੂੰ ਕਿਹਾ ਕਿ ਉਹ ਵੀ ਹੈਰੋਇਨ ਲੈ ਲਵੇ, ਸਾਰੀ ਟੈਂਸਨ ਦੂਰ ਹੋ ਜਾਵੇਗੀ। ਜਿਸ ਤੋਂ ਫਿਰ ਉਸ ਨੇ ਵੀ ਨਸਾ ਕਰਨਾ ਸ਼ੁਰੂ ਕਰ ਦਿੱਤਾ। 100 ਰੁਪਏ ਦੇ ਨਸੇ ਨਾਲ ਸ਼ੁਰੂ ਹੋਇਆ ਇਹ ਸਿਲਸਿਲਾ ਕਦੋਂ ਹਜਾਰਾਂ ਰੁਪਏ ਤੱਕ ਪਹੁੰਚ ਗਿਆ। ਔਰਤ ਦਾ ਵਿਆਹ ਸਾਲ 2018 'ਚ ਹੋਇਆ ਸੀ। ਉਸ ਦਾ ਪਤੀ ਸਿਵਲ ਇੰਜੀਨੀਅਰ ਸੀ ਪਰ ਵਿਆਹ ਤੋਂ ਬਾਅਦ ਵੀ ਉਸ ਨੇ ਨਸਾ ਕਰਨਾ ਨਹੀਂ ਛੱਡਿਆ ਸਗੋਂ ਉਸ ਦੇ ਪਤੀ ਨੂੰ ਵੀ ਨਸ਼ੇ ਦੀ ਲਤ ਲੱਗ ਗਈ। ਇਸ ਸਭ ਤੋਂ ਬਾਅਦ ਫਿਰ ਪਤੀ-ਪਤਨੀ ਇਕੱਠੇ ਨਸਾ ਕਰਨ ਲੱਗੇ। ਪਤੀ ਦੇ ਪਿਤਾ ਅਤੇ ਭੈਣ-ਭਰਾ ਵਿਦੇਸ ਰਹਿੰਦੇ ਹਨ, ਇਸ ਲਈ ਪੈਸੇ ਦੀ ਕੋਈ ਕਮੀ ਨਹੀਂ ਸੀ। ਦੋਵੇਂ ਰੋਜਾਨਾ ਕਰੀਬ ਅੱਠ ਹਜਾਰ ਰੁਪਏ ਨਸੇ 'ਤੇ ਖਰਚ ਕਰਦੇ ਸਨ। ਪਤੀ ਨੇ ਵੀ ਨੌਕਰੀ ਛੱਡ ਦਿੱਤੀ। ਜਦੋਂ ਪਰਿਵਾਰਕ ਮੈਂਬਰਾਂ ਨੂੰ ਪਤਾ ਲੱਗਾ ਕਿ ਦੋਵੇਂ ਨਸੇੜੀ ਹਨ ਤਾਂ ਉਨ੍ਹਾਂ ਨੇ ਮਦਦ ਕਰਨੀ ਬੰਦ ਕਰ ਦਿੱਤੀ। ਨਸੇ ਲਈ ਪੈਸਾ ਇਕੱਠਾ ਕਰਨ ਲਈ ਜੋੜੇ ਨੇ ਗਹਿਣੇ ਅਤੇ ਘਰ ਦਾ ਸਾਰਾ ਸਮਾਨ ਵੇਚ ਦਿੱਤਾ। ਔਰਤ ਨੇ ਦੱਸਿਆ ਕਿ ਉਸ ਦੀ ਤਿੰਨ ਸਾਲ ਦੀ ਧੀ ਅਤੇ ਡੇਢ ਸਾਲ ਦਾ ਪੁੱਤ ਹੈ। ਬੱਚਿਆਂ ਦੀ ਖਾਤਰ ਦੋਵਾਂ ਨੇ ਨਸਾ ਛੱਡਣ ਦਾ ਫੈਸਲਾ ਕੀਤਾ। ਪਤੀ ਨੇ ਪਹਿਲਾਂ ਖੁਦ ਕੇਂਦਰ 'ਚ ਇਲਾਜ ਲਈ ਦਾਖਲ ਹੋਇਆ ਤੇ ਪੂਰੀ ਤਰ੍ਹਾਂ ਠੀਕ ਹੋਣ ਤੋਂ ਬਾਅਦ ਹੁਣ ਉਸ ਨੇ ਪਤਨੀ ਨੂੰ ਇੱਥੇ ਦਾਖਲ ਕਰਵਾਇਆ। ਜੋੜੇ ਨੇ ਨੌਜਵਾਨਾਂ ਨੂੰ ਨਸਿ?ਆਂ ਦੀ ਦਲਦਲ ਤੋਂ ਦੂਰ ਰਹਿਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਨਸਿ?ਆਂ ਦੇ ਚੁੰਗਲ 'ਚ ਫਸ ਕੇ ਉਨ੍ਹਾਂ ਨੇ ਜਿਸ ਤਰ੍ਹਾਂ ਆਪਣੀ ਜਿ?ਦਗੀ ਬਰਬਾਦ ਕੀਤੀ ਹੈ, ਉਸ ਤੋਂ ਦੂਰ ਰਹੋ।

ਪੁਲਸ ਨੂੰ ਮਿਲੀ ਵੱਡੀ ਸਫਲਤਾ, ਫਿਰੋਜਪੁਰ 'ਚ ਪਾਕਿਸਤਾਨੀ ਡਰੋਨ ਵੱਲੋਂ ਸੁੱਟੀ 7 ਕਿਲੋ ਹੈਰੋਇਨ ਬਰਾਮਦ

ਫਿਰੋਜ਼ਪੁਰ 10 ਅਕਤੂਬਰ। ਬੀ. ਐੱਸ. ਐੱਫ. ਦੀ 182 ਬਟਾਲੀਅਨ ਅਧੀਨ ਸਰਹੱਦੀ ਸੀਮਾ ਚੌਕੀ ਗੁੱਟੀ ਮਸਤਾ ਨੰਬਰ-2 ਦੇ ਏਰੀਏ ਅਤੇ ਪੁਲਸ ਥਾਣਾ ਮਮਦੋਟ ਅਧੀਨ ਆਉਂਦੇ ਪਿੰਡ ਚੱਕ ਦੋਨਾ ਰਹੀਮੇ ਕੇ ਦੇ ਰਕਬੇ 'ਚ ਪੁਲਸ ਨੂੰ ਹੈਰੋਇਨ ਦੇ 7 ਪੈਕੇਟ ਬਰਾਮਦ ਹੋਏ ਹਨ। ਮਾਮਲੇ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਮੁਖੀ ਸਬ-ਇੰਸਪੈਕਟਰ ਜੱਜਪਾਲ ਸਿੰਘ ਕੰਗ ਨੇ ਦੱਸਿਆ ਕਿ ਹਰਵਿੰਦਰ ਸਿੰਘ ਕਪਤਾਨ ਪੁਲਸ ਇਨਵੈਸਟੀਗੇਸਨ ਕਪੂਰਥਲਾ ਅਤੇ ਮੁਖਤਿਆਰ ਰਾਏ ਕਪਤਾਨ ਪੁਲਸ ਫਗਵਾੜਾ ਨੇ ਪੁਲਸ ਪਾਰਟੀ ਸਮੇਤ ਪਹੁੰਚ ਕੇ ਆਈ. ਪੀ. ਐੱਸ. ਰਣਧੀਰ ਕੁਮਾਰ ਕਪਤਾਨ ਪੁਲਸ ਇਨਵੈਸਟੀਗੇਸ਼ਨ ਫਿ?ਰੋਜ਼ਪੁਰ ਅਤੇ ਸੰਦੀਪ ਸਿੰਘ ਉਪ ਕਪਤਾਨ ਪੁਲਸ ਫਿ?ਰੋਜ਼ਪੁਰ ਦਿਹਾਤੀ ਨੂੰ ਸੂਚਨਾ ਦਿੱਤੀ ਕਿ ਗੱਟੀ ਮਸਤਾ ਨੰਬਰ 2 ਦੇ ਏਰੀਏ 'ਚ ਮਿਤੀ 14-15 ਮਾਰਚ ਦੀ ਦਰਮਿਆਨੀ ਰਾਤ ਨੂੰ ਪਾਕਿਸਤਾਨ ਵੱਲੋਂ ਇਕ ਡਰੋਨ ਆਇਆ, ਜੋ ਕੋਈ ਸ਼ੱਕੀ ਵਸਤੂ ਇਸ ਇਲਾਕੇ 'ਚ ਸੁੱਟ ਕੇ ਵਾਪਸ ਚਲਾ ਗਿਆ ਹੈ। ਥਾਣਾ ਮੁਖੀ ਨੇ ਦੱਸਿਆ ਕਿ ਮਿਲੀ ਸੂਚਨਾ ਦੇ ਆਧਾਰ 'ਤੇ ਉਪਰੋਕਤ ਉੱਚ ਅਧਿਕਾਰੀਆਂ ਨਾਲ ਉਹ ਆਪਣੀ ਪੂਰੀ ਪੁਲਸ ਟੀਮ ਸਮੇਤ ਸਰਹੱਦੀ ਚੌਕੀ ਗੱਟੀ ਮਸਤਾ ਨੰਬਰ 2 ਦੇ ਇਲਾਕੇ ਵਿਚ ਪੈਂਦੇ ਪਿੰਡ ਚੱਕ ਦੋਨਾ, ਰਹੀਮੇ ਕੇ ਵਿਖੇ ਪਹੁੰਚੇ।

ਇਸ ਦੌਰਾਨ ਕਿਸਾਨ ਹੱਸਾ ਸਿੰਘ ਪੁੱਤਰ ਪ੍ਰੇਮ ਸਿੰਘ ਵਾਸੀ ਪਿੰਡ ਚੱਕ ਦੋਨਾ ਰਹੀਮੇ ਕੇ ਉਤਾੜ ਘੋੜਾ ਚੱਕ ਨੇ ਇਤਲਾਹ ਦਿੱਤੀ ਕਿ ਉਸ ਦੀ ਮੋਟਰ ਦੇ ਨਾਲ ਲੱਗਦੇ ਕਣਕ ਦੇ ਖੇਤ ਵਿਚ ਚਿੱਟੇ ਰੰਗ ਦੇ ਕੱਪੜੇ 'ਚ ਕੋਈ ਸ਼ੱਕੀ ਵਸਤੂ ਪਈ ਜਾਪਦੀ ਹੈ, ਜਿਸ ਤੋਂ ਬਾਅਦ ਸਾਰੇ ਅਫਸਰਾਂ ਅਤੇ ਪੁਲਸ ਪਾਰਟੀ ਨੇ ਮੌਕੇ 'ਤੇ ਪਹੁੰਚ ਕੇ ਕੱਪੜੇ ਦੇ ਪੁਲੰਦੇ ਨੂੰ ਖੋਲ੍ਹ ਕੇ ਦੇਖਿਆ ਤਾਂ ਉਸ 'ਚੋਂ 7 ਪੈਕੇਟ ਬਰਾਮਦ ਹੋਏ, ਜਿਨ੍ਹਾਂ ਉਪਰ ਪੀਲੇ ਰੰਗ ਦੀਆਂ ਟੇਪਾਂ ਲਪੇਟੀਆਂ ਹੋਈਆਂ ਸਨ। ਪੁਲਸ ਨੇ ਦੱਸਿਆ ਕਿ ਇਸ ਦਾ ਭਾਰ 7 ਕਿਲੋ ਹੈ। ਉਨ੍ਹਾਂ ਦੱਸਿਆ ਕਿ ਅਣਪਛਾਤੇ ਵਿਅਕਤੀਆਂ ਖਿ?ਲਾਫ ਮੁਕੱਦਮਾ ਦਰਜ ਕਰ ਲਿਆ ਗਿਆ ਹੈ।

ਮੁੰਬਈ 'ਚ ਉਸਾਰੀ ਅਧੀਨ ਇਮਾਰਤ ਦੀ 12ਵੀਂ ਮੰਜਿਲ 'ਤੇ ਮਿਲੀ ਨੌਜਵਾਨ ਦੀ ਹੱਥ-ਪੈਰ ਬੰਨ੍ਹੀ ਲਾਸ

ਮੁੰਬਈ 10 ਅਕਤੂਬਰ। ਮੁੰਬਈ ਦੇ ਲਾਲਬਾਗ ਇਲਾਕੇ 'ਚ ਇਕ ਉਸਾਰੀ ਅਧੀਨ ਇਮਾਰਤ ਦੀ 12ਵੀਂ ਮੰਜਿ?ਲ 'ਤੇ ਇਕ 19 ਸਾਲਾ ਮੁੰਡੇ ਦੀ ਲਾਸ਼ ਮਿਲੀ ਹੈ। ਪੁਲਸ ਨੇ ਮੰਗਲਵਾਰ ਨੂੰ ਜਾਣਕਾਰੀ ਦਿੱਤੀ। ਪੁਲਸ ਨੇ ਦੱਸਿਆ ਕਿ ਮ੍ਰਿਤਕ ਦੀ ਪਛਾਣ ਮਸੂਦਮੀਆ ਰਮਜਾਨ ਵਜੋਂ ਹੋਈ ਹੈ।ਘਟਨਾ ਦੀ ਜਾਣਕਾਰੀ ਦਿੰਦੇ ਹੋਏ ਪੁਲਸ ਨੇ ਕਿਹਾ ਕਿ ਮੁਲਜਮ ਨੇ ਨੌਜਵਾਨ ਨੂੰ ਫਾਂਸੀ ਦੇਣ ਤੋਂ ਪਹਿਲਾਂ ਉਸ ਦੇ ਹੱਥ-ਪੈਰ ਬੰਨ੍ਹ ਦਿੱਤੇ ਸਨ।

ਕਾਲਾਚੌਕੀ ਪੁਲਸ ਸਟੇਸਨ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਪੁਲਸ ਨੇ ਇਕ ਅਣਪਛਾਤੇ ਵਿਅਕਤੀ ਦੇ

ਪਰਿਵਾਰ 'ਚ ਵਾਪਰੀ ਇਕ ਖੂਨੀ ਖੇਡ

ਮਾਰ ਖਾ ਕੇ ਨਿਸਾਰ ਘਰ ਪਹੁੰਚਿਆ ਤਾਂ ਸਾਰੀ ਗੱਲ ਜਾਣ ਕੇ ਉਸਦੀ ਮਾਂ ਸ਼ਾਹਜਹਾਂ ਭੜਕ ਉੱਠੀ। ਉਸਨੇ ਆਪਣੇ ਤਿੰਨੇ ਬੇਟਿਆਂ ਨਿਸਾਰ, ਸਿਕੰਦਰ ਅਤੇ ਰਾਸ਼ਿਦ ਨੂੰ ਕਿਹਾ ਕਿ ਅੱਜ ਮੁਸ਼ਰੱਤ ਅਤੇ ਉਸਦੇ ਘਰ ਵਾਲਿਆਂ ਨੂੰ ਸਬਕ ਸਿਖਾ ਹੀ ਦਿਓ। ਮਾਂ ਦੇ ਉਕਸਾਵੇ 'ਤੇ ਤਿੰਨੇ ਛੁਰੀਆਂ ਲੈ ਕੇ ਮੁਸ਼ਰੱਤ ਦੇ ਘਰ ਪਹੁੰਚ ਗਏ ਸਨ। ਉਹਨਾਂ ਦਾ ਇਰਾਦਾ ਤਾਹਿਰ ਨੂੰ ਵੀ ਸਬਕ ਸਿਖਾਉਣ ਦਾ ਸੀ, ਪਰ ਉਹ ਉਹਨਾਂ ਦੀ ਆਵਾਜ਼ ਪਛਾਣ ਕੇ ਭੱਜ ਗਿਆ ਸੀ।

"ਅੰਮੀ, ਉਸ ਨਾਲ ਤਾਂ ਮੇਰਾ ਇਕ ਪਲ ਵੀ ਰਹਿਣਾ ਮੁਸ਼ਕਿਲ ਹੈ। ਉਹ ਜੋ ਵੀ ਕਮਾਉਂਦਾ ਹੈ, ਆਪਣੇ ਸ਼ੌਕ ਵਿਚ ਫੂਕ ਦਿੰਦਾ ਹੈ। ਉਲਟਾ ਉਹ ਮੇਰੇ ਕੋਲ ਰੱਖੇ ਪੈਸੇ ਵੀ ਮਾਰ-ਕੁੱਟ ਕਰਕੇ ਖੋਹ ਲੈਂਦਾ ਹੈ। ਮੈਂ ਕੀ ਪਕਾਵਾਂ ਅਤੇ ਆਪਣੇ ਬੱਚੇ ਨੂੰ ਕੀ ਖੁਆਵਾਂ।"

"ਬੇਟੀ, ਜ਼ਿੰਦਗੀ ਵਿਚ ਬਹੁਤ ਪ੍ਰੇਸ਼ਾਨੀਆਂ ਆਉਂਦੀਆਂ ਹਨ, ਉਹਨਾਂ ਤੋਂ ਘਬਰਾਉਣਾ ਨਹੀਂ, ਡੱਟ ਕੇ ਮੁਕਾਬਲਾ ਕਰਨਾ ਸਿੱਖੋ। ਅਸੀਂ ਇਕ ਵਾਰ ਫਿਰ ਇਕਬਾਲ ਨੂੰ ਸਮਝਾਉਣ ਦੀ ਕੋਸ਼ਿਸ਼ ਕਰਾਂਗੇ।" ਰੋਸ਼ਨ ਨੇ ਸਮਝਾਇਆ ਤਾਂ ਮੁਨੀਕ ਚੁੱਪ ਹੋ ਗਈ। ਦਰਅਸਲ ਉਹ ਵੀ ਆਪਣਾ ਘਰ ਨਹੀਂ ਵਿਗਾੜਨਾ ਚਾਹੁੰਦੀ ਸੀ।

ਸ਼ਾਮ ਨੂੰ ਜਦੋਂ ਇਕਬਾਲ ਆਪਣੇ ਕਮਰੇ ਵਿਚ ਪਹੁੰਚਿਆ ਤਾਂ ਉਸਨੂੰ ਮੁਨੀਕ ਨਾ ਮਿਲੀ। ਪਤਨੀ-ਬੱਚੇ ਨੂੰ ਲਾਪਤਾ ਦੇਖ ਕੇ ਉਸਦਾ ਨਸ਼ਾ ਉਡ ਗਿਆ। ਉਹ ਸਮਝ ਗਿਆ ਕਿ ਗੁੱਸੇ ਵਿਚ ਮੁਨੀਕ ਆਪਣੇ ਪੇਕੇ ਚਲੀ ਗਈ ਹੋਵੇਗੀ।

ਇਕਬਾਲ ਸਿੱਧਾ ਨਿਊ ਮੁਸਤਫਾਬਾਦ ਸਥਿਤ ਆਪਣੇ ਸਹੁਰੇ ਪਹੁੰਚਿਆ ਤਾਂ ਉਥੇ ਉਸਨੂੰ ਮੁਨੀਕ ਮਿਲ ਗਈ।

ਸੱਸ-ਸਹੁਰੇ ਨੇ ਇਕਬਾਲ ਨੂੰ ਨਸ਼ਾ ਛੱਡਣ ਦੀ ਗੱਲ ਸਮਝਾ ਕੇ ਉਸਦੇ ਨਾਲ ਮੁਨੀਕ ਨੂੰ ਭੇਜ ਦਿੱਤਾ।

ਇਕਬਾਲ ਤਾਂ ਜਿਵੇਂ ਚੀਕਣਾ ਘੜਾ ਬਣ ਚੁੱਕਾ ਸੀ। ਕਿਸੇ ਨੂੰ ਵੀ ਸਮਝਾਉਣ ਦਾ ਉਸ 'ਤੇ ਕੋਈ ਅਸਰ ਨਹੀਂ ਹੁੰਦਾ ਸੀ। ਸੱਸ-ਸਹੁਰੇ ਅਤੇ ਪਤਨੀ ਨਾਲ ਵਾਅਦਾ ਕਰਨ ਦੇ ਬਾਵਜੂਦ ਉਸਨੇ ਨਸ਼ਾ ਕਰਨਾ ਨਹੀਂ ਛੱਡਿਆ।

ਮਹੀਨੇ ਬੀਤ ਗਏ।

ਮੁਨੀਕ ਨੇ ਜਦੋਂ ਸਮਝ ਲਿਆ ਕਿ ਉਸਦਾ ਪਤੀ ਪੂਰੀ ਤਰ੍ਹਾਂ ਨਸ਼ੇ ਵਿਚ ਗੁਲਾਮ ਹੋ ਚੁੱਕਾ ਹੈ, ਕਿਸੇ ਵੀ ਤਰ੍ਹਾਂ ਹੁਣ ਸੁਧਰਨ ਵਾਲਾ ਨਹੀਂ, ਫਿਰ ਮਜਬੂਰ ਹੋ ਕੇ ਉਸਨੇ ਤਲਾਕ ਲੈ ਲਿਆ।

ਇਕਬਾਲ ਨੂੰ ਬੀਵੀ-ਬੇਟੀ ਤੋਂ ਜ਼ਿਆਦਾ ਨਸ਼ਾ ਪਿਆਰਾ ਸੀ। ਇਸ ਕਰਕੇ ਉਸਨੇ ਖੁਸ਼ੀ-ਖੁਸ਼ੀ ਤਲਾਕ ਦੇ ਦਿੱਤਾ। ਮੁਨੀਕ ਆਪਣੇ ਬੇਟੇ ਅਦਨਾਨ ਨੂੰ ਲੈ ਕੇ ਪੇਕੇ ਆਈ। ਇਹ ਗੱਲ ਕਰੀਬ ਦੋ ਸਾਲ ਪਹਿਲਾਂ ਦੀ ਹੈ।

23 ਸਾਲ ਦੀ ਉਮਰ ਵਿਚ ਹੀ ਮੁਨੀਕ ਤਲਾਕਸ਼ੁਦਾ ਹੋ ਕੇ ਆਪਣੇ ਮਾਂ-ਬਾਪ ਦੇ ਨਾਲ ਰਹਿਣ ਲੱਗ ਪਈ ਸੀ। ਤਲਾਕ ਉਸਨੇ ਖੁਸ਼ੀ ਨਾਲ ਨਹੀਂ, ਮਜਬੂਰ ਹੋ ਕੇ ਲਿਆ ਸੀ। ਇਸ ਦਾ ਉਸਨੂੰ ਦੁੱਖ ਵੀ ਸੀ। ਇਸ ਕਰਕੇ ਉਹ ਹਰ ਸਮੇਂ ਗੁੰਮ ਰਹਿੰਦੀ ਸੀ। ਉਸਨੂੰ ਭਵਿੱਖ ਦੀ ਚਿੰਤਾ ਖਾਂਦੀ ਜਾ ਰਹੀ ਸੀ।

ਰੋਸ਼ਨ ਆਪਣੀ ਬੇਟੀ ਦੇ ਦਰਦ ਨੂੰ ਚੰਗੀ ਤਰ੍ਹਾਂ ਸਮਝਦੀ ਸੀ। ਇਸ ਕਰਕੇ ਉਹ ਉਸਨੂੰ ਹਮੇਸ਼ਾ ਹੌਂਸਲਾ ਦਿੰਦੇ ਰਹਿੰਦੇ ਸਨ।

ਸ਼ਰਾਫਤ ਦੇ ਰਿਸ਼ਤੇ ਦੇ ਚਾਚਾ ਸੀ-ਇਸਰਾਰ ਖਾਂ। ਉਹ ਨਿਊ ਮੁਸਤਫਾਬਾਦ ਦੀ ਗਲੀ ਨੰਬਰ 18 ਵਿਚ ਰਹਿੰਦੇ ਸਨ। ਇਸਰਾਰ ਖਾਂ ਦਾ ਇਰਾਦਾ ਸੀ, ਜਿੰਨੀ ਜਲਦੀ ਹੋ ਸਕੇ ਮੁਨੀਕ ਦਾ ਘਰ ਦੁਬਾਰਾ ਵਸ ਜਾਵੇ। ਇਸ ਦੇ ਲਈ ਉਹ ਕੋਸ਼ਿਸ਼ ਕਰ ਰਿਹਾ ਸੀ। ਉਹਨਾਂ ਨੇ ਮੁਨੀਕ ਦੇ ਦੂਜੇ ਵਿਆਹ ਦੀ ਗੱਲ ਗਲੀ ਨੰਬਰ 20 ਵਿਚ ਰਹਿਣ ਵਾਲੇ ਤਾਹਿਰ ਨਾਲ ਚਲਾਈ। 40 ਸਾਲਾ ਤਾਹਿਰ ਆਟੋ ਰਿਕਸ਼ਾ ਚਲਾਉਂਦਾ ਸੀ। ਹਾਲਾਂਕਿ ਮੁਨੀਕ ਦੀ ਉਮਰ ਦੇ ਹਿਸਾਬ ਨਾਲ ਤਾਹਿਰ ਦੀ ਉਮਰ ਜ਼ਿਆਦਾ ਸੀ, ਫਿਰ ਵੀ ਸ਼ਰਾਫਤ ਅਤੇ ਰੋਸ਼ਨ ਵਿਆਹ ਦੇ ਲਈ ਤਿਆਰ ਹੋ ਗਏ। ਕਰੀਬ 8-9 ਮਹੀਨੇ ਪਹਿਲਾਂ ਉਹਨਾਂ ਦੋਹਾਂ ਦਾ ਨਿਕਾਹ ਵੀ ਹੋ ਗਿਆ।

ਤਾਹਿਰ ਦੀ ਵੀ ਇਹ ਦੂਜੀ ਸ਼ਾਦੀ ਸੀ। ਉਸਦਾ ਪਹਿਲਾ ਨਿਕਾਹ ਖਜੂਰੀ ਖਾਸ ਨਿਵਾਸਣ ਆਸ਼ਿਆ ਨਾਲ ਹੋਇਆ ਸੀ। ਆਸ਼ਿਆ ਤੋਂ ਉਸਦੇ ਚਾਰ ਬੱਚੇ ਸਨ। ਤਿੰਨ ਬੇਟੀਆਂ ਸ਼ਾਹੀਨ (20), ਨਾਦਰੀਨ (18), ਫਰਹੀਨ (15) ਅਤੇ ਕਿ ਬੇਟਾ ਤਾਜੀਮ (12)। ਤਾਹਿਰ ਦਾ ਖੁਸ਼ਹਾਲ ਪਰਿਵਾਰ ਸੀ, ਪਰ ਕੁਦਰਤ ਨੂੰ ਇਹ ਮਨਜ਼ੂਰ ਨਹੀਂ ਸੀ। ਕਰੀਬ ਦੋ ਸਾਲ ਪਹਿਲਾਂ ਆਸ਼ਿਆ ਨੂੰ ਡੇਂਗੂ ਬੁਖਾਰ ਹੋ ਗਿਆ ਅਤੇ ਉਸਦੀ ਮੌਤ ਹੋ ਗਈ। ਪਤਨੀ ਦੀ ਮੌਤ ਤੋਂ ਬਾਅਦ ਤਾਹਿਰ ਨੇ ਚਾਰੇ ਬੱਚੇ ਆਪਣੀ ਮਾਂ ਕੁਦਰਤੀ ਬੇਗਮ ਕੋਲ ਛੱਡ ਦਿੱਤੇ ਸਨ ਜੋ ਨੇੜੇ ਹੀ ਆਪਣੇ ਦੂਜੇ ਬੇਟੇ ਨਾਲ ਰਹਿੰਦੀ ਸੀ।

ਮੁਨੀਕ ਨਾਲ ਵਿਆਹ ਹੋਇਆ ਤਾਂ ਤਾਹਿਰ ਦਾ ਘਰ ਵਿਚ ਆਬਾਦ ਹੋ ਗਿਆ।

ਤਾਹਿਰ ਵਿਚ ਕਿਸੇ ਕਿਸਮ ਦੀ ਕਮੀ ਨਹੀਂ ਸੀ। ਉਹ ਪੂਰੀ ਤਰ੍ਹਾਂ ਆਪਣੇ ਰੁਜ਼ਗਾਰ ਅਤੇ ਪਰਿਵਾਰ ਨੂੰ ਸਮਰਪਿਤ ਸੀ। ਤਾਹਿਰ ਜੋ ਵੀ ਪੈਸਾ ਕਮਾ ਕੇ ਲਿਆਉਂਦਾ ਮੁਨੀਕ ਨੂੰ ਦੇ ਦਿੰਦਾ। ਮੁਨੀਕ ਹੀ ਘਰ ਚਲਾਉਂਦੀ ਸੀ, ਉਹਨਾਂ ਦੋਹਾਂ ਦੀ ਜ਼ਿੰਦਗੀ ਬੜੀ ਵਧੀਆ ਲੰਘ ਰਹੀ ਸੀ। ਬੇਟੀ ਨੂੰ ਖੁਸ਼ ਦੇਖ ਕੇ ਸ਼ਰਾਫਤ ਅਤੇ ਰੋਸ਼ਨ ਵੀ ਖੁਸ਼ ਸਨ। ਇਹ ਗੱਲ ਵੱਖਰੀ ਹੈ ਕਿ ਕੁਦਰਤ ਨੂੰ ਉਹਨਾਂ ਦੀ ਖੁਸ਼ੀ ਮਨਜ਼ੂਰ ਨਹੀਂ ਸੀ।

11 ਜੂਨ 2009 ਨੂੰ ਰਾਤੀ ਕਰੀਬ ਸਾਢੇ ਅੱਠ ਵਜੇ ਦਾ ਵਾਕਿਆ ਹੈ। ਖਾਣਾ ਖਾਣ ਤੋਂ ਬਾਅਦ ਸ਼ਰਾਫਤ ਆਪਣੇ ਬੱਚਿਆਂ ਅਤੇ ਜਵਾਈ ਤਾਹਿਰ ਨਾਲ ਬਾਹਰ ਬੈਠੇ ਗੱਪਾਂ ਮਾਰ ਰਹੇ ਸਨ ਕਿ ਉਦੋਂ ਹੀ ਬਿਜਲੀ ਚਲੀ ਗਈ। ਬਿਜਲੀ ਜਾਣ ਤੋਂ ਥੋੜ੍ਹੀ ਦੇਰ ਬਾਅਦ ਹੀ ਗਲੀ ਵਿਚ ਗਾਲੀਆਂ ਦੀਆਂ ਆਵਾਜ਼ਾਂ ਆਉਣ ਲੱਗ ਪਈਆਂ। ਸ਼ਰਾਫਤ ਅਤੇ ਉਸਦੇ ਪਰਿਵਾਰ ਵਾਲਿਆਂ ਦਾ ਨਾਂ ਲੈ-ਲੈ ਕੇ ਕੁਝ ਲੋਕ ਗਾਲੀਆਂ ਦੇ ਰਹੇ ਸਨ। ਡਰ ਦੇ ਮਾਰੇ ਸ਼ਰਾਫਤ ਦਰਵਾਜ਼ਾ ਖੋਲ੍ਹ ਕੇ ਬਾਹਰ ਨਾ ਆਇਆ।

ਸੋਚਣ ਲੱਗਿਆ, ਕੁਝ ਦੇਰ ਗਾਲ੍ਹੀਆਂ ਦੇ ਕੇ ਚਲੇ ਜਾਣਗੇ, ਪਰ ਉਹ ਨਹੀਂ ਗਏ। ਗਾਲੀਆਂ ਬਕਦੇ-ਬਕਦੇ ਉਹਨਾਂ ਨੇ ਦਰਵਾਜ਼ੇ ਨੂੰ ਧੱਕੇ ਮਾਰਨੇ ਸ਼ੁਰੂ ਕਰ ਦਿੱਤੇ। ਧੱਕਿਆਂ ਨਾਲ ਚੁਕਾਠ ਡਿੱਗ ਗਈ ਅਤੇ ਦਰਵਾਜ਼ਾ ਖੁੱਲ੍ਹ ਗਿਆ। ਦਰਵਾਜ਼ਾ ਖੁਲਦੇ ਹੀ ਤਾਹਿਰ ਆਪਣੀ ਜਾਨ ਬਚਾ ਕੇ ਭੱਜ ਗਿਆ। ਇਸ ਤੋਂ ਪਹਿਲਾਂ ਕਿ ਸ਼ਰਾਫਤ ਆਦਿ ਆਪਣਾ ਬਚਾਅ ਕਰ ਪਾਉਂਦੇ, ਹਮਲਾਵਰਾਂ ਨੇ ਛੁਰੀਆਂ ਨਾਲ ਸਾਰਿਆਂ ਨੂੰ ਜ਼ਖਮੀ ਕਰਨਾ ਸ਼ੁਰੂ ਕਰ ਦਿੱਤਾ। ਜ਼ਖਮੀਆਂ ਦੀਆਂ ਚੀਖਾਂ ਗੂੰਜੀਆਂ ਤਾਂ ਸਾਰੇ ਲੋਕ ਆਪਣੇ-ਆਪਣੇ ਘਰਾਂ ਤੋਂ ਨਿਕਲ ਆਏ। ਜਦਕਿ ਕਿਸੇ ਦੀ ਹਿੰਮਤ ਨਾ ਪਈ ਕਿ ਉਹ ਹਮਲਾਵਰਾਂ ਤੋਂ ਸ਼ਰਾਫਤ ਅਤੇ ਉਸਦੇ ਪਰਿਵਾਰ ਨੂੰ ਬਚਾ ਲਵੇ। ਬੱਸ ਹਿੰਮਤ ਤਾਂ ਮਕਾਨ ਮਾਲਕ ਹਜੀਜੁਲ ਰਹਿਮਾਨ ਉਰਫ ਮੁੰਨਾ ਨੇ ਕੀਤੀ। ਉਹ ਹਟਾਉਣ ਲਈ ਆਇਆ ਤਾਂ ਹਮਲਾਵਰਾਂ ਨੇ ਉਸ 'ਤੇ ਵੀ ਛੁਰੀਆਂ ਨਾਲ ਹਮਲਾ ਕਰ ਦਿੱਤਾ।

ਇਸੇ ਦੌਰਾਨ ਕਿਸੇ ਨੇ ਫੋਨ ਕਰਕੇ ਇਸ ਘਟਨਾ ਦੀ ਸੂਚਨਾ ਪੁਲਿਸ ਕੰਟਰੋਲ ਰੂਮ ਵਿਚ ਦਿੱਤੀ। ਕੰਟਰੋਲ ਰੂਮ ਨੇ ਇਹ ਸੂਚਨਾ ਥਾਣਾ ਗੋਕੁਲਪੁਰੀ ਨੂੰ ਦਿੱਤੀ। ਸੂਚਨਾ ਮਿਲਦੇ ਹੀ ਐਸ.ਐਚ.ਓ. ਗੁਰਮੀਤ ਸਿੰਘ, ਐਸ.ਆਈ. ਦੇਸ਼ਪਾਲ ਨਾਲ ਘਟਨਾ ਵਾਲੀ ਥਾਂ 'ਤੇ ਪਹੁੰਚ ਗਏ। ਉਦੋਂ ਤੱਕ ਇਲਾਕੇ ਵਿਚ ਬਿਜਲੀ ਵੀ ਆ ਚੁੱਕੀ ਸੀ।

ਪੁਲਿਸ ਨੇ ਦੇਖਿਆ, ਸ਼ਰਾਫਤ ਦੇ ਘਰ ਵਿਚ ਖੂਨ ਹੀ ਖੂਨ ਫੈਲਿਆ ਹੋਇਆ ਸੀ। ਪੁਲਿਸ ਨੇ ਸਾਰੇ ਜ਼ਖਮੀਆਂ ਨੂੰ ਤੁਰੰਤ ਹੀ ਗੁਰੂ ਤੇਗ ਬਹਾਦਰ ਹਸਪਤਾਲ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਮਕਾਨ ਮਾਲਕ ਹਜੀਜੁਲ ਰਹਿਮਾਨ ਉਰਫ ਮੁੰਨਾ (48) ਅਤੇ ਰੋਸ਼ਨ (45) ਨੂੰ ਮ੍ਰਿਤਕ ਐਲਾਨ ਦਿੱਤਾ। ਇਸ ਦੇ ਨਾਲ ਗੰਭੀਰ ਤੌਰ 'ਤੇ ਜ਼ਖਮੀ ਸ਼ਰਾਫਤ (50) ਉਸਦੇ ਬੇਟੇ ਮੁਸਰੱਤ, ਇਸ਼ਰਤ ਅਤੇ ਨਦੀਮ ਨੂੰ ਤੁਰੰਤ ਹੀ ਭਰਤੀ ਕਰਕੇ ਮੈਡੀਕਲ ਸਹਾਇਤਾ ਆਰੰਭ ਕਰ ਦਿੱਤੀ।

ਪੁਲਿਸ ਨੇ ਜ਼ਖਮੀਆਂ ਤੋਂ ਪੁੱਛਗਿੱਛ ਕੀਤੀ ਤਾਂ ਉਹਨਾਂ ਨੇ ਦੱਸਿਆ ਕਿ ਹਮਲਾ ਕਰਨ ਵਾਲੇ ਹੋਰ ਕੋਈ ਨਹੀਂ ਬਲਕਿ ਉਹਨਾਂ ਦੇ ਨੇੜਲੇ ਰਿਸ਼ਤੇਦਾਰ ਸ਼ਾਹਜਹਾਂ ਅਤੇ ਉਸਦੇ ਤਿੰਨ ਬੇਟੇ ਰਾਸ਼ਿਦ, ਨਿਸਾਰ ਅਤੇ ਸਿਕੰਦਰ ਸਨ। ਮੁਸਰੱਤ ਦੇ ਬਿਆਨ ਦੇ ਆਧਾਰ 'ਤੇ ਪੁਲਿਸ ਨੇ ਸ਼ਾਹਜਹਾਂ ਅਤੇ ਉਸਦੇ ਲੜਕਿਆਂ ਰਾਸ਼ਿਦ, ਨਿਸਾਰ ਅਤੇ ਸਿਕੰਦਰ ਵਿਰੁੱਧ ਐਫ.ਆਈ.ਆਰ. ਦਰਜ ਕਰ ਲਈ।

ਉਸ ਤੋਂ ਬਾਅਦ ਉੱਤਰ-ਪੂਰਬੀ ਜ਼ਿਲ੍ਹੇ ਦੇ ਪੁਲਿਸ ਮੁਖੀ ਆਰ.ਐਨ. ਮੀਨਾ ਅਤੇ ਡੀ.ਸੀ.ਪੀ. ਸ੍ਰੀਵਾਸਤਵ ਨੇ ਦੋਸ਼ੀਆਂ ਦੀ ਗ੍ਰਿਫਤਾਰੀ ਲਈ ਇਕ ਟੀਮ ਗਠਿਤ ਕੀਤੀ। ਪੁਲਿਸ ਟੀਮ ਨੇ 12 ਜੂਨ ਨੂੰ ਸ਼ਾਹਜਹਾਂ ਨੂੰ ਉਸਦੇ ਘਰ ਤੋਂ ਗ੍ਰਿਫਤਾਰ ਕਰ ਲਿਆ। ਜਦਕਿ 13 ਜੂਨ ਨੂੰ ਸਿਕੰਦਰ ਅਤੇ ਨਿਸਾਰ ਤੀਸ ਹਜ਼ਾਰੀ ਅਦਾਲਤ ਕੋਲ ਹੀ ਪੁਲਿਸ ਦੀ ਪਕੜ ਵਿਚ ਆ ਗਏ। ਨਿਊ ਮੁਸਤਫਾਬਾਦ ਦਿੱਲੀ ਦੀ ਗਲੀ ਨੰਬਰ 20 ਵਿਚ ਰਹਿਣ ਵਾਲੇ ਕੁਦਰਤੀ ਬੇਗਮ ਦੀਆਂ ਚਾਰ ਬੇਟੀਆਂ ਅਤੇ ਤਿੰਨ ਬੇਟੇ ਸਨ।

ਕਰੀਬ 20 ਸਾਲ ਪਹਿਲਾਂ ਪਤੀ ਦੀ ਮੌਤ ਹੋ ਜਾਣ ਤੋਂ ਬਾਅਦ ਤਿੰਨੇ ਬੇਟੇ ਹੀ ਘਰ ਦਾ ਸਹਾਰਾ ਬਣੇ। ਸਭ ਤੋਂ ਵੱਡਾ ਮੁਹੰਮਦ ਆਕਿਲ ਗੈਸ ਦੇ ਚੁੱਲ੍ਹੇ ਦਾ ਕਾਰੀਗਰ ਸੀ, ਵਿਚਕਾਰਲਾ ਤਾਹਿਰ ਆਟੋ ਰਿਕਸ਼ਾ ਚਲਾਉਂਦਾ ਸੀ ਅਤੇ ਸਭ ਤੋਂ ਛੋਟਾ ਤਸਲੀਮ ਰਾਜ ਮਿਸਤਰੀ ਸੀ।

ਤਾਹਿਰ ਦੀ ਪਹਿਲੀ ਪਤਨੀ ਆਸ਼ਿਆ ਦੀ ਮੌਤ ਤੋਂ ਬਾਅਦ ਉਸਦੇ ਬੱਚੇ ਆਪਣੀ ਦਾਦੀ ਕੁਦਰਤੀ ਬੇਗਮ ਕੋਲ ਰਹਿੰਦੇ ਸਨ। ਇਸੇ ਕਾਰਨ ਤਾਹਿਰ ਆਪਣੀ ਕਮਾਈ ਦਾ ਜ਼ਿਆਦਾਤਰ ਹਿੱਸਾ ਆਪਣੀ ਮਾਂ ਨੂੰ ਦੇ ਦਿੰਦਾ ਸੀ। ਤਾਹਿਰ ਦੇ ਵੱਡੇ ਭਰਾ ਆਕਿਲ ਦਾ ਇਕ ਬੇਟਾ ਸੀ ਨਿਸਾਰ।

ਉਹ ਤਾਹਿਰ ਦੀ ਵੱਡੀ ਬੇਟੀ ਸ਼ਾਹੀਨ ਨਾਲ ਪਿਆਰ ਕਰਦਾ ਸੀ। ਕੁਦਰਤੀ ਬੇਗਮ ਵੀ ਚਾਹੁੰਦੀ ਸੀ ਕਿ ਉਹਨਾਂ ਦੋਹਾਂ ਦਾ ਨਿਕਾਹ ਹੋ ਜਾਵੇ ਪਰ ਤਾਹਿਰ ਇਸ ਦੇ ਲਈ ਰਜ਼ਾਮੰਦ ਨਹੀਂ ਸੀ। ਇਸ ਦਾ ਕਾਰਨ ਸੀ ਕਿ ਨਿਸਾਰ ਅਵਾਰਾਗਰਦੀ 'ਚ ਮਸਤ ਰਹਿੰਦਾ ਸੀ। ਉਹ ਕੋਈ ਕੰਮ-ਧੰਦਾ ਨਹੀਂ ਕਰਦਾ ਸੀ। ਇਹੀ ਕਾਰਨ ਸੀ ਕਿ ਤਾਹਿਰ ਨੇ ਸਾਫ ਇਨਕਾਰ ਕਰ ਦਿੱਤਾ ਸੀ ਕਿ ਉਹ ਸ਼ਾਹੀਨ ਦਾ ਵਿਆਹ ਨਿਸਾਰ ਨਾਲ ਬਿਲਕੁਲ ਨਹੀਂ ਕਰੇਗਾ। ਇਹ ਗੱਲ ਨਿਸਾਰ ਅਤੇ ਉਸਦੀ ਮਾਂ ਸ਼ਾਹਜਹਾਂ ਨੂੰ ਬਹੁਤ ਬੁਰੀ ਲੱਗੀ। ਨਿਸਾਰ ਤਾਂ ਆਪਣੇ ਚਾਚਾ ਤਾਹਿਰ ਨਾਲ ਖੁੰਦਕ ਰੱਖਣ ਲੱਗ ਪਿਆ ਸੀ ਕਿਉਂਕਿ ਪਾਬੰਦੀਆਂ ਦੇ ਕਾਰਨ ਹੁਣ ਉਸਦਾ ਸ਼ਾਹੀਨ ਨੂੰ ਮਿਲਣਾ ਵੀ ਬੰਦ ਹੋ ਗਿਆ ਸੀ।

ਇਸੇ ਵਿਚਕਾਰ ਤਾਹਿਰ ਨੇ ਜਦੋਂ ਮੁਨੀਕ ਨਾਲ ਦੂਜਾ ਨਿਕਾਹ ਕੀਤਾ, ਤਾਂ ਕੁਝ ਦਿਨਾਂ ਬਾਅਦ ਹੀ ਕੁਦਰਤੀ ਬੇਗਮ ਉਸਤੋਂ ਖਫ਼ਾ ਰਹਿਣ ਲੱਗੀ। ਉਸਦੇ ਅਨੁਸਾਰ ਮੁਨੀਕ ਬਦਚਲਣ ਸੀ।

ਜਹਾਂਗੀਰਪੁਰੀ ਵਿਚ ਰਹਿਣ ਵਾਲੇ ਸ਼ਾਹਿਦ ਨਾਲ ਮੁਨੀਕ ਦੇ ਨਜਾਇਜ਼ ਸਬੰਧ ਸਨ। ਤਾਹਿਰ ਨਾਲ ਵਿਆਹ ਹੋ ਜਾਣ ਤੋਂ ਬਾਅਦ ਉਹ ਆਪਣੇ ਪ੍ਰੇਮੀ ਨੂੰ ਮਿਲਣ ਜਹਾਂਗੀਰਪੁਰੀ ਜਾਂਦੀ ਰਹਿੰਦੀ ਸੀ। ਇਨਕਾਰ ਕਰਨ 'ਤੇ ਵੀ ਉਸਨੇ ਜਹਾਂਗੀਰਪੁਰੀ ਜਾਣਾ ਬੰਦ ਨਹੀਂ ਕੀਤਾ ਸੀ।

ਇਕ ਵਾਰ ਉਸਨੇ ਸਿਕੰਦਰ ਦੀ ਭੂਆ ਦੀ ਲੜਕੀ ਜਰੀਨਾ, ਜੋ ਕਿ ਸੁਲਤਾਨਪੁਰੀ ਵਿਚ ਰਹਿੰਦੀ ਹੈ, ਨੂੰ ਵੀ ਆਪਣੇ ਨਾਲ ਜਹਾਂਗੀਰਪੁਰੀ ਲਿਆ ਕੇ ਉਸਦੀ ਮੁਲਾਕਾਤ ਸ਼ਾਹਿਦ ਨਾਲ ਕਰਵਾਈ ਸੀ। ਸ਼ਾਹਿਦ, ਜਰੀਨਾ ਅਤੇ ਮੁਨੀਕ ਨੂੰ ਕੁਸ਼ਲ ਟਾਕੀਜ ਵਿਚ ਸਿਨੇਮਾ ਦਿਖਾਉਣ ਲੈ ਗਿਆ ਸੀ। ਜਰੀਨਾ ਦਾ ਦੋਸ਼ ਹੈ ਕਿ ਸ਼ਾਹਿਦ ਨੇ ਸਿਨੇਮਾ ਹਾਲ ਵਿਚ ਉਸਦੇ ਨਾਲ ਸਰੀਰਕ ਛੇੜਛਾੜ ਕੀਤੀ ਸੀ।

ਉਹ ਸਿਨੇਮਾ ਹਾਲ ਵਿਚ ਹੀ ਉਸ ਨਾਲ ਸਬੰਧ ਬਣਾਉਣੇ ਚਾਹੁੰਦਾ ਸੀ। ਸ਼ਾਹਿਦ ਇਹ ਸਭ ਮੁਨੀਕ ਦੀ ਸ਼ਹਿ 'ਤੇ ਹੀ ਕਰ ਰਿਹਾ ਸੀ।

ਜਰੀਨਾ ਨੇ ਘਰ ਆ ਕੇ ਇਸ ਗੱਲ ਦੀ ਸ਼ਿਕਾਇਤ ਕੀਤੀ ਤਾਂ ਕੁਦਰਤੀ ਬੇਗਮ ਦੀਆਂ ਨਜ਼ਰਾਂ ਤੋਂ ਮੁਨੀਕ ਉਤਰ ਗਈ। ਉਹ ਤਾਹਿਰ 'ਤੇ ਦਬਾਅ ਪਾਉਣ ਲੱਗੀ ਕਿ ਮੁਨੀਕ ਨੂੰ ਤਲਾਕ ਦੇ ਦੇਵੇ। ਤਾਹਿਰ ਮੁਨੀਕ ਨੂੰ ਬਹੁਤ ਪਸੰਦ ਕਰਦਾ ਸੀ, ਇਸ ਕਰਕੇ ਉਸਨੇ ਤਲਾਕ ਦੇਣ ਤੋਂ ਸਾਫ ਇਨਕਾਰ ਕਰ ਦਿੱਤਾ।

ਮੁਨੀਕ ਦਾ ਭਰਾ ਮੁਸਰਤ ਜਰੀਨਾ ਨਾਲ ਇਕ ਪਾਸੜ ਪਿਆਰ ਕਰਦਾ ਸੀ, ਜਦਕਿ ਜਰੀਨਾ ਸ਼ਾਹਜਹਾਂ ਦੇ ਬੇਟੇ ਰਾਸ਼ਿਦ ਨੂੰ ਚਾਹੁੰਦੀ ਸੀ। ਫਿਰ ਜਰੀਨਾ ਦਾ ਵਿਆਹ ਰਾਸ਼ਿਦ ਨਾਲ ਹੋ ਗਿਆ। ਇਸ ਗੱਲ ਤੋਂ ਖਫਾ ਹੋ ਕੇ ਮੁਸਰਤ ਰਾਸ਼ਿਦ ਨੂੰ ਨਫਰਤ ਕਰਨ ਲੱਗਿਆ ਸੀ।

ਦੂਜੇ ਪਾਸੇ ਜਦੋਂ ਤਾਹਿਰ ਨੇ ਮੁਨੀਕ ਨੂੰ ਤਲਾਕ ਨਹੀਂ ਦਿੱਤਾ ਤਾਂ ਕੁਦਰਤੀ ਬੇਗਮ ਘਰ ਵਿਚ ਕਲੇਸ਼ ਕਰਨ ਲੱਗੀ। ਨਤੀਜੇ ਵਜੋਂ ਕਰੀਬ ਇਕ ਮਹੀਨੇ ਪਹਿਲਾਂ ਤਾਹਿਰ ਆਪਣੀ ਪਤਨੀ ਨੂੰ ਲੈ ਕੇ 21 ਨੰਬਰ ਦੀ ਗਲੀ ਵਿਚ ਕਿਰਾਏ 'ਤੇ ਰਹਿਣ ਲੱਗਾ। ਉਸਨੇ ਆਪਣੀ ਮਾਂ ਨੂੰ ਖਰਚ ਦੇ ਲਈ ਪੈਸੇ ਦੇਣੇ ਵੀ ਬੰਦ ਕਰ ਦਿੱਤੇ ਸਨ। ਇਸ ਤੋਂ ਕੁਦਰਤੀ ਬੇਗਮ ਨੂੰ ਲੱਗਿਆ ਕਿ ਸਹੁਰੇ ਵਾਲੇ ਹੀ ਤਾਹਿਰ ਦੇ ਕੰਨ ਭਰਦੇ ਰਹਿੰਦੇ ਹਨ। ਇਸ ਦੇ ਨਾਲ ਹੀ ਉਸਨੂੰ ਇਹ ਵੀ ਸ਼ੱਕ ਹੋ ਗਿਆ ਕਿ ਤਾਹਿਰ ਆਪਣੇ ਸਹੁਰੇ ਘਰ ਵਾਲਿਆਂ ਦੀ ਆਰਥਿਕ ਮਦਦ ਕਰਦਾ ਹੈ। ਇਹੀ ਗੱਲ ਸੋਚ-ਸੋਚ ਕੇ ਉਹ ਪ੍ਰੇਸ਼ਾਨ ਰਹਿੰਦੀ।

ਸ਼ਾ

ਸਾਹਿਤ ਦਾ ਮਨੋਰਥ ਸਿਰਫ਼ ਮਨੋਰੰਜਨ ਨਹੀਂ

ਮਹਿੰਦਰ ਸਾਥੀ

• ਹਰਵਿੰਦਰ ਬਿਲਾਸਪੁਰ
98149-07020

ਜੇ ਕਿਧਰੇ ਤੁਹਾਨੂੰ 'ਖ਼ਾਲਸ' ਸ਼ਬਦ ਦੇ ਅਰਥ ਜਾਣਨ ਦੀ ਲੋੜ ਪੈ ਜਾਵੇ ਤਾਂ ਤੁਸੀਂ ਬਿਨਾਂ ਕਿਸੇ ਸੋਚ ਵਿਚਾਰ ਦੇ, ਮਹਿੰਦਰ ਸਾਥੀ ਦੀ ਤਸਵੀਰ ਆਪਣੇ ਮਾਨਸਿਕ ਪਟਲ 'ਤੇ ਚਿਤਰ ਸਕਦੇ ਹੋ। ਜਿੰਨਾ ਕੁ ਉਸ ਦਾ ਰੰਗ ਪੱਕਾ ਹੈ, ਉਸ ਤੋਂ ਵੀ ਜ਼ਿਆਦਾ ਉਹ ਆਪਣੇ ਇਰਾਦਿਆਂ ਅਤੇ ਅਸੂਲਾਂ- ਸਿਧਾਂਤਾਂ ਦਾ ਪੱਕਾ ਹੈ। ਪਹਿਲੀ ਨਜ਼ਰੇ ਵੇਖਣ ਨੂੰ ਹੀ ਉਸ ਦਾ ਸਰੀਰ ਲੋਹਮਈ ਲੱਗਦਾ ਹੈ। ਇਹ ਸ਼ਾਇਦ ਇਸ ਕਰਕੇ ਵੀ ਹੈ ਕਿ ਉਸ ਨੇ ਆਪਣੀ ਜ਼ਿੰਦਗੀ ਦੇ ਬਹੁਤ ਸਾਰੇ ਕੀਮਤੀ ਵਰ੍ਹੇ ਲੋਹੇ ਨਾਲ ਲੋਹਾ ਲੈਂਦਿਆਂ ਹੀ ਗੁਜ਼ਾਰੇ ਹਨ।

ਮਹਿੰਦਰ ਸਾਥੀ ਨੇ ਆਪਣੀ ਲੇਖਣੀ ਦਾ ਆਗ਼ਾਜ਼ ਹੋਰ ਨੌਜਵਾਨ ਮੁੰਡਿਆਂ ਵਾਂਗ ਇਸ਼ਕੀਆ ਕਵਿਤਾਵਾਂ ਲਿਖਣ ਨਾਲ ਕੀਤਾ ਪਰ ਛੇਤੀ ਹੀ ਉਹ ਨਕਸਲਬਾੜੀ ਲਹਿਰ ਦੇ ਪ੍ਰਭਾਵ ਹੇਠ ਆ ਗਿਆ ਅਤੇ ਲੋਕ ਪੱਖੀ ਸਾਹਿਤ ਦੀ ਰਚਨਾ ਕਰਨ ਲੱਗਿਆ। ਜਦੋਂ ਲਹਿਰ ਆਪਣੇ ਜੋਬਨ 'ਤੇ ਸੀ, ਉਹ ਉਦੋਂ ਵੀ ਇਨਕਲਾਬੀ ਸ਼ਾਇਰ ਸੀ ਅਤੇ ਅੱਜ ਹੈ। ਗ਼ਜ਼ਲ 'ਮਸ਼ਾਲਾਂ ਬਾਲ ਕੇ ਚੱਲਣਾ ਜਦੋਂ ਤਕ ਰਾਤ ਬਾਕੀ ਹੈ' ਉਸਦੇ ਇਨਕਲਾਬੀ ਸਾਹਿਤਕ ਸਫ਼ਰ ਦਾ ਸਿਖ਼ਰ ਹੈ। ਲੋਕ ਸੰਘਰਸ਼ ਨਾਲ ਜੁੜੇ ਪ੍ਰੋਗਰਾਮਾਂ ਵਿਚ ਪੰਜਾਬੀ ਦੀਆਂ ਸਭ ਤੋਂ ਵੱਧ ਗਾਈਆਂ ਜਾਣ ਵਾਲੀਆਂ ਤਿੰਨ ਗ਼ਜ਼ਲਾਂ ਵਿੱਚੋਂ ਸਾਥੀ ਦੀ ਇਹ ਗ਼ਜ਼ਲ ਵੀ ਇਕ ਹੈ। ਦੂਸਰੀਆਂ ਦੋ ਗ਼ਜ਼ਲਾਂ ਇਕ ਡਾ. ਜਗਤਾਰ ਦੀ 'ਹਰ ਮੋੜ 'ਤੇ ਸਲੀਬਾਂ' ਅਤੇ ਦੂਸਰੀ ਸੁਰਜੀਤ ਪਾਤਰ ਹੁਰਾਂ ਦੀ 'ਕੁਝ ਕਿਹਾ ਤਾਂ..' ਹਨ। ਇਹ ਰਚਨਾ ਉਸ ਦੀ ਪਛਾਣ ਵਜੋਂ ਉਸ ਨਾਲ ਜੁੜ ਗਈ ਹੈ। ਮਹਿੰਦਰ ਸਾਥੀ ਦਾ ਕਿਰਦਾਰ ਸੁੱਚੇ ਨਗ ਵਰਗਾ ਹੈ। ਦੋਗਲਾਪਣ ਉਸ ਨੂੰ ਪਸੰਦ ਨਹੀਂ ਅਤੇ ਦੋਹਰੇ ਕਿਰਦਾਰ ਵਾਲਿਆਂ ਤੋਂ ਉਹ ਸੌ ਹੱਥ ਦੀ ਦੂਰੀ ਬਣਾ ਕੇ ਚੱਲਦਾ ਹੈ।

ਗ਼ਜ਼ਲ ਦੇ ਖੇਤਰ ਵਿਚ ਉਸ ਦਾ ਇਕ ਆਪਣਾ ਸਨਮਾਨਯੋਗ ਮੁਕਾਮ ਹੈ। ਨਵੇਂ ਸਿਖਾਂਦਰੂ ਮੁੰਡੇ ਅੱਜ ਵੀ ਉਸ ਕੋਲ ਗ਼ਜ਼ਲ ਦੇ ਨੁਕਤੇ ਸਿੱਖਣ ਆਉਂਦੇ ਹਨ। ਬਹੁਤ ਸਾਰੇ ਸਮਰੱਥ ਗ਼ਜ਼ਲਕਾਰ ਉਸਦੀ ਸੁਹਬਤ ਦਾ ਆਨੰਦ ਮਾਣਨ ਨੂੰ ਆਪਣੀ ਖ਼ੁਸ਼ਨਸੀਬੀ ਸਮਝਦੇ ਹਨ। ਨਵੇਂ ਸਿਖਿਆਰਥੀਆਂ 'ਚੋਂ ਮੁਰੀਦ ਸੰਧੂ, ਰਣਜੀਤ ਸਰਾਂਵਾਲੀ, ਦਲਜੀਤ ਕੁਸ਼ਲ,ਧਾਮੀ ਗਿੱਲ, ਗੁਰਦੀਪ ਲੋਪੋ, ਬੇਲੀ ਬਲਕਰਨ ਅਤੇ ਗੁਰਪ੍ਰੀਤ ਧਰਮਕੋਟ ਵਰਗੇ ਮੁੰਡੇ ਵਧੀਆ ਗ਼ਜ਼ਲ ਕਹਿਣ ਲੱਗੇ ਹਨ। ਇਹ ਸਿਖਿਆਰਥੀ ਮੁੰਡੇ ਇਕ ਤਰ੍ਹਾਂ ਨਾਲ ਉਸਦੀ ਜ਼ਿੰਦਗੀ ਨੂੰ ਰਵਾਂ ਰੱਖਣ ਲਈ ਵਸੀਲਾ ਬਣ ਰਹੇ ਹਨ। ਪਾਠਕਾਂ ਦੇ ਲਈ ਪੇਸ਼ ਹਨ ਇਸ ਮੁਲਾਕਾਤ ਦੇ ਕੁੱਝ ਅੰਸ਼-

• ਸਾਥੀ ਜੀ, ਆਪਣੇ ਜਨਮ, ਬਚਪਨ ਅਤੇ ਮੁੱਢਲੀ ਪੜ੍ਹਾਈ ਬਾਰੇ ਦੱਸੋ?

ਮੇਰਾ ਜਨਮ ਪਿਤਾ ਇੰਦਰ ਸਿੰਘ ਦੇ ਮਾਤਾ ਹਰਨਾਮ ਕੌਰ ਦੇ ਘਰ 6 ਜੂਨ 1936 ਨੂੰ ਹੋਇਆ। ਘਰ ਦੀ ਆਰਥਿਕ ਹਾਲਤ ਸੁਖਾਵੀਂ ਨਹੀਂ ਸੀ। ਪਿਤਾ ਜੀ ਕਮਾਈ ਕਰਨ ਦੇ ਲਈ ਸਿੰਘਾਪੁਰ ਚਲੇ ਗਏ ਪਰ ਦੂਜੀ ਸੰਸਾਰ ਜੰਗ ਦੀ ਚਪੇਟ ਵਿਚ ਆ ਗਏ। ਕਿਨੇ ਸਾਲ ਉਨ੍ਹਾਂ ਦਾ ਕੋਈ ਥਹੁ ਪਤਾ ਨਾ ਲੱਗਿਆ। ਇਸ ਦੌਰਾਨ ਮੈਨੂੰ ਮੇਰੇ ਨਾਨਕੇ ਮੁਕਤਸਰ ਲੈ ਗਏ ਅਤੇ ਮੇਰਾ ਪਾਲਣ ਪੋਸ਼ਣ ਕੀਤਾ। ਵੱਡਾ ਮਾਮਾ ਪੁਲਿਸ ਵਿਚ ਨੌਕਰ ਸੀ ਅਤੇ ਛੋਟਾ ਪ੍ਰਚਾਰਕ। ਮਾਮਾ ਜੀ ਹੁਰਾਂ ਨੇ ਮੈਨੂੰ ਗੁਰਮੁਖੀ ਸਿੱਖਣ ਲਈ ਇਕ ਗੁਰਦੁਆਰੇ ਪੜ੍ਹਨ ਲਾ ਦਿੱਤਾ।

ਦੂਜੀ ਸੰਸਾਰ ਜੰਗ ਦੇ ਖ਼ਾਤਮੇ ਦੇ ਕਈ ਸਾਲ ਬਾਅਦ ਜਪਾਨੀਆਂ ਦੀ ਕੈਦ 'ਚੋਂ ਰਿਹਾਅ ਹੋ ਕੇ ਪਿਤਾ ਜੀ ਘਰ ਵਾਪਿਸ ਆਏ ਤਾਂ ਸਾਰੇ ਟੱਬਰ ਨੇ ਸੁੱਖ ਦਾ ਸਾਹ ਲਿਆ। ਮੈਂ ਵੀ ਵਾਪਸ ਆਪਣੇ ਪਰਿਵਾਰ ਵਿਚ ਆ ਗਿਆ। ਕੁਝ ਕਾਰਨਾਂ ਕਰਕੇ ਪਿਤਾ ਜੀ, ਪਿੰਡ ਛੱਡ ਕੇ ਪਰਿਵਾਰ ਸਮੇਤ ਮੋਗੇ ਰਹਿਣ ਲੱਗੇ ਅਤੇ ਉੱਥੇ ਉਨ੍ਹਾਂ ਨੇ ਟਾਲ 'ਤੇ ਲੱਕੜਾਂ ਅਤੇ ਤੂੜੀ ਵੇਚਣ ਦਾ ਕੰਮ ਸ਼ੁਰੂ ਕਰ ਲਿਆ। ਮੈਨੂੰ ਖ਼ਾਲਸਾ ਸਕੂਲ ਮੋਗਾ ਵਿਖੇ ਪੜ੍ਹਨ ਲਾ ਦਿੱਤਾ। ਸਮੇਂ ਦਾ ਕੁੱਝ ਅਜਿਹਾ ਚੱਕਰ ਚੱਲਿਆ ਕਿ ਪਿਤਾ ਜੀ ਦਾ ਟਾਲ ਅਤੇ ਤੂੜੀ ਦਾ ਕੰਮ ਠੱਪ ਹੋ ਕੇ ਰਹਿ ਗਿਆ। ਆਰਥਿਕ ਤੰਗੀਆਂ ਨਾਲ ਘੁਲਦਿਆਂ ਬੜੀ ਮੁਸ਼ਕਲ ਨਾਲ ਅੱਠਵੀਂ ਪਾਸ ਕੀਤੀ। ਕਦੇ ਕਿਤਾਬਾਂ ਲਈ ਪੈਸੇ ਨਾ ਹੋਣੇ ਅਤੇ ਕਦੇ ਫੀਸ ਦੇਣ ਲਈ ਪੈਸੇ ਨਾ ਹੋਣੇ। ਆਖਰ ਤੰਗ ਆ ਕੇ ਮੈਂ ਨੌਵੀਂ ਕਲਾਸ ਵਿਚ ਪੜ੍ਹਾਈ ਛੱਡ ਦਿੱਤੀ ਅਤੇ ਰੁਜ਼ਗਾਰ ਦੀ ਭਾਲ ਕਰਨ ਲੱਗ ਗਿਆ। ਬਾਅਦ ਵਿਚ ਮੈਂ ਬੁਧੀਮਾਨੀ ਕਰ ਕੇ ਗਿਆਨੀ ਕਰ ਲਈ ਅਤੇ ਲਖਨਊ ਯੂਨੀਵਰਸਿਟੀ ਤੋਂ ਉਰਦੂ ਦਾ ਡਿਪਲੋਮਾ ਵੀ ਕੀਤਾ।

• ਫੇਰ ਰੁਜ਼ਗਾਰ ਦਾ ਮਸਲਾ ਕਿਵੇਂ ਹੱਲ ਹੋਇਆ?

ਸਕੂਲੋਂ ਹਟ ਰੁਜ਼ਗਾਰ ਦੀ ਭਾਲ ਲਈ ਇੱਧਰ-ਉੱਧਰ ਫਿਰਦਾ ਰਿਹਾ। ਫਿਰ ਟਰੱਕਾਂ ਦੀ ਰਿਪੇਅਰ ਦੀ ਵਰਕਸ਼ਾਪ ਵਿਚ ਕੰਮ ਸਿੱਖਣ ਲੱਗ ਗਿਆ। ਉਸ ਤੋਂ ਬਾਅਦ ਮੋਗਾ ਦੀ ਇਕ ਫੈਕਟਰੀ ਵਿਚ ਕੰਮ ਕਰਨ ਲੱਗਿਆ। ਕੁੱਝ ਸਮੇਂ ਬਾਅਦ ਮੇਰੇ ਵੱਡੇ ਭਰਾ ਨੇ ਕਿਸੇ ਨਾਲ ਰਲ ਕੇ ਇਕ ਬੰਦ ਪਈ ਫੈਕਟਰੀ ਨੂੰ ਚਲਾਉਣ ਦਾ ਠੇਕਾ ਲੈ ਲਿਆ। ਏਥੇ ਨਟ ਬੋਲਟ ਅਤੇ ਪਸ਼ੂਆਂ ਦੀਆਂ ਖੁਰੀਆਂ ਬਣਦੀਆਂ ਸਨ। ਸੋ ਕਾਫ਼ੀ ਸਮਾਂ ਏਥੇ ਟਰਨਰ ਵਜੋਂ ਕੰਮ ਕੀਤਾ। ਇੰਝ ਮੈਂ ਆਪਣੀ ਜ਼ਿੰਦਗੀ ਦੇ ਹੁਸੀਨ ਵਰ੍ਹੇ ਇਨ੍ਹਾਂ ਫੈਕਟਰੀਆਂ ਵਿਚ ਲੋਹੇ ਨਾਲ ਜ਼ੋਰ ਅਜਮਾਈ ਕਰਦਿਆਂ ਲੰਘਾਏ ਹਨ।

• ਚੜ੍ਹਦੀ ਉਮਰੇ ਲੋਹੇ ਨਾਲ ਲੋਹਾ ਹੀ ਹੁੰਦੇ ਰਹੇ ਕਿ ਕਦੇ ਮਹਿਕਦੇ ਫੁੱਲਾਂ ਬਾਰੇ ਵੀ ਸੋਚਿਆ?

(ਮੇਰੀ ਮੁਸਕਾਨ ਦਾ ਭੇਤ ਸਮਝਦੇ ਹੋਏ ਹੱਸ ਕੇ) ਓਏ ਆਹੋ ਹਰਵਿੰਦਰ, ਓਹ ਪਲ ਵੀ ਆਏ ਸਨ ਜਿਨ੍ਹਾਂ ਵੱਲ ਤੇਰਾ ਇਸ਼ਾਰਾ ਹੈ। ਇਕ ਕੁੜੀ ਜਿਹਦਾ ਨਾਂ ਸੀ ਕ੍ਰਿਸ਼ਨਾ ਸਾਡੇ ਗਵਾਂਢ ਆਪਣੀ ਕਿਸੇ ਰਿਸ਼ਤੇਦਾਰੀ ਵਿਚ ਵਿਆਹ ਆਈ ਸੀ। ਅੱਖਾਂ ਚਾਰ ਹੋਈਆਂ ਤਾਂ ਉਹ ਮੈਨੂੰ ਦਿਲ ਦੇ ਬੈਠੀ ਅਤੇ ਕਾਫ਼ੀ ਸਮਾਂ ਅਸੀਂ ਇਕ ਦੂਸਰੇ ਨੂੰ ਪਿਆਰ ਭਰੇ ਖ਼ਤ ਲਿਖਦੇ ਰਹੇ। ਆਖਰ ਉਸ ਦੇ ਘਰਦਿਆਂ ਨੂੰ ਪਤਾ ਲੱਗ ਗਿਆ। ਉਸ ਉੱਪਰ ਪਾਬੰਦੀਆਂ ਲੱਗ ਗਈਆਂ। ਮੈਂ ਕੁੱਝ ਨਾ ਕਰ ਸਕਿਆ। ਕੁਝ ਹੀ ਸਮੇਂ ਬਾਅਦ ਉਸਦਾ ਵਿਆਹ ਅਹਿਮਦਾਬਾਦ ਵੱਲ ਹੋ ਗਿਆ। ਬਾਅਦ ਵਿਚ ਕੋਸ਼ਿਸ਼ ਕੀਤੀ ਇਕ ਦੋ ਵਾਰ ਮੁਲਾਕਾਤ ਦੀ ਪਰ ਕਾਮਯਾਬ ਨਾ ਹੋ ਸਕਿਆ। ਸੋ ਯਾਦਾਂ ਹੀ ਰਹਿ ਗਈਆਂ।

• ਤੁਸੀਂ ਇਨਕਲਾਬੀ ਸ਼ਾਇਰ ਵਜੋਂ ਜਾਣੇ ਜਾਂਦੇ ਹੋ, ਸ਼ਾਇਰੀ ਵੱਲ ਕਿਵੇਂ ਆਏ?

ਅਸਲ ਵਿਚ ਗੀਤ ਗ਼ਜ਼ਲਾਂ, ਕਿੱਸੇ ਪੜ੍ਹਨ ਦਾ ਸ਼ੌਕ ਮੈਨੂੰ ਬਚਪਨ ਤੋਂ ਹੀ ਸੀ। ਜਦ ਕ੍ਰਿਸ਼ਨਾ ਨਾਲ ਨੇੜਤਾ ਹੋਈ ਤਾਂ ਕੁੱਝ ਲਿਖਣ ਨੂੰ ਦਿਲ ਕੀਤਾ। ਉਸ ਸਮੇਂ ਮੈਂ ਕੁੱਝ ਇਸ਼ਕੀਆ ਕਵਿਤਾਵਾਂ ਲਿਖੀਆਂ ਜੋ ਉਸ ਸਮੇਂ ਛਪਦੇ ਕੁਝ ਮੈਗਜ਼ੀਨਾਂ ਵਿਚ ਛਪੀਆਂ ਵੀ। 1966 ਵਿਚ ਪਹਿਲੀ ਕਵਿਤਾ 'ਨਵੀਂ ਦੁਨੀਆਂ' ਰਸਾਲੇ ਵਿਚ ਛਪੀ ਸੀ। ਉਸ ਤੋਂ ਬਾਅਦ ਜਿਵੇਂ-ਜਿਵੇਂ ਸੋਝੀ ਆਉਂਦੀ ਗਈ, ਮਨੁੱਖ ਹੱਥੋਂ ਮਨੁੱਖ ਦੀ ਹੋ ਰਹੀ ਲੁੱਟ ਦੀ ਸਮਝ ਆਉਂਦੀ ਗਈ। ਕਿਰਤੀ ਲੋਕਾਂ ਦੇ ਦੁੱਖਾਂ ਦਰਦਾਂ ਦੀ ਸਮਝ ਆਉਣ ਲੱਗੀ। ਇਸ ਸਭ ਵਰਤਾਰੇ ਪਿੱਛੇ ਕੰਮ ਕਰ ਰਹੀਆਂ ਤਾਕਤਾਂ ਬਾਰੇ ਜਾਣਨ ਦਾ ਮੌਕਾ ਮਿਲਿਆ ਤਾਂ ਮੇਰੀ ਕਲਮ ਨੇ ਲੋਕ ਪੱਖੀ ਸਾਹਿਤ ਰਚਣਾ ਸ਼ੁਰੂ ਕਰ ਦਿੱਤਾ।

• ਤੁਸੀਂ ਕਿਰਤੀ ਲੋਕਾਂ ਦੇ ਹੱਕ ਵਿਚ ਵਿਚ ਵੇਖਿਆ ਜਾਵੇ ਤਾਂ ਮੇਰੀ ਸਾਰੀ ਜ਼ਿੰਦਗੀ ਹੀ ਸੰਘਰਸ਼ ਵਿਚ ਗੁਜ਼ਰੀ ਹੈ।

• ਨਕਸਲਬਾੜੀ ਲਹਿਰ ਨਾਲ ਕਦੋਂ ਤੇ ਕਿਵੇਂ ਜੁੜੇ?

ਭਰਾ ਦੇ ਠੇਕੇ ਵਾਲੀ ਫੈਕਟਰੀ ਵਿਚ ਕੰਮ ਕਰਦਿਆਂ ਠਾਣਾ ਸਿੰਘ ਨਾਂ ਦੇ ਦੋ ਬੈਦਿਆਂ ਨਾਲ ਮੇਲ ਹੋਇਆ। ਇਕ ਮਾੜੀ ਮੋਟੀ ਕਵਿਤਾ ਲਿਖ ਲੈਂਦਾ ਸੀ। ਓਸੇ ਨੇ ਹੀ ਮੈਨੂੰ ਮਹਿੰਦਰ ਸਿੰਘ ਤੋਂ ਮਹਿੰਦਰ ਸਾਥੀ ਦਾ ਨਾਂ ਦਿੱਤਾ ਅਤੇ ਉਸੇ ਨੇ ਹੀ ਭਲਾਇਆਣੇ ਵਾਲੇ ਇਨਕਲਾਬੀ ਠਾਣਾ ਸਿੰਘ ਨਾਲ ਜਾਣ ਪਛਾਣ ਕਰਵਾਈ। ਇਨ੍ਹਾਂ ਦਿਨਾਂ ਵਿਚ ਹੀ ਮੇਰੀ ਇਕ ਕਵਿਤਾ 'ਜਨਮ-ਜਨਮ ਦੇ ਸਾਥੀ ਮੇਰੇ' ਇਕ ਰਸਾਲੇ ਵਿਚ ਛਪੀ। ਇਹ ਨਜ਼ਮ ਜਦ ਘੋਲੀਏ ਵਾਲੇ ਗੁਰਦੀਪ ਨੇ ਪੜ੍ਹੀ ਤਾਂ ਬਹੁਤ ਪ੍ਰਭਾਵਿਤ ਹੋਇਆ ਅਤੇ ਮੇਰੇ ਨਾਲ ਸੰਪਰਕ ਸਾਧਿਆ।

ਇਹ ਉਹੀ ਇਨਕਲਾਬੀ ਨੌਜਵਾਨ ਗੁਰਦੀਪ ਘੋਲੀਆ ਸੀ ਜਿਸ ਨੇ ਗੁਰਪਾਲ ਸਿੰਘ ਪਾਲ ਦਾ ਗਾਇਆ ਬਹੁਤ ਮਸ਼ਹੂਰ ਗੀਤ 'ਪਾਲੀ ਪਾਣੀ ਖ਼ੂਹ ਤੋਂ ਭਰੇ' ਲਿਖਿਆ ਸੀ। ਇਸ ਤੋਂ ਬਾਅਦ ਮੇਰਾ ਮੇਲ ਬਹੁਤ ਸਾਰੇ ਰੂਪੋਸ਼ ਨਕਸਲਾਈਟਾਂ ਜਿਵੇਂ ਬੈਤ ਰਾਜੇਆਣਾ, ਮਾਣੂਕੇ ਵਾਲਾ ਚਰਨ ਆਦਿ ਨਾਲ ਹੋ ਗਿਆ। ਬਸ ਜ਼ਮੀਨ ਤਾਂ ਪਹਿਲਾਂ ਹੀ ਤਿਆਰ ਸੀ। ਬੀਜ ਦੀ ਲੋੜ ਸੀ ਜੋ ਇਨ੍ਹਾਂ ਇਨਕਲਾਬੀ ਯੋਧਿਆਂ ਦੇ ਮੇਲ ਨੇ ਬੀਜ ਦਿੱਤਾ ਤੇ ਮੈਂ ਲਹਿਰ ਵਿਚ ਕੁੱਦ ਪਿਆ।

• ਉਦੋਂ ਲਹਿਰ ਦੇ ਨੌਜਵਾਨਾਂ ਪ੍ਰਤੀ ਸਰਕਾਰ ਦਾ ਕੀ ਰਵਈਆ ਸੀ?

ਬਗ਼ਾਵਤ ਨੂੰ ਖ਼ਤਮ ਕਰਨ ਲਈ ਸਟੇਟ ਹਰ ਹੀਲਾ ਵਰਤਦੀ ਹੈ। ਫੜੇ ਗਏ ਮੁੰਡਿਆਂ 'ਤੇ ਅੰਨ੍ਹੇਵਾਹ ਤਸ਼ੱਦਦ ਹੋਇਆ। ਕਈ ਨਕਸਲੀ ਆਗੂ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰ ਮੁਕਾਏ ਗਏ। ਲਹਿਰ ਨੂੰ ਤੋੜਨ ਲਈ ਸਟੇਟ ਹਰ ਢੰਗ ਵਰਤ ਰਹੀ ਸੀ। ਕਾਰਕੁੰਨਾਂ ਵਿੱਚੋਂ ਹੀ ਚੋਗਾ ਪਾ ਕੇ ਮੁਖ਼ਬਰ ਬਣਾਉਣ ਦੀ ਕੋਸ਼ਿਸ਼ ਕੀਤੀ ਜਾਂਦੀ। ਸੀ. ਆਈ. ਡੀ. ਵੱਲੋਂ ਮੇਰੇ ਤਕ ਵੀ ਪਹੁੰਚ ਕੀਤੀ ਗਈ ਅਤੇ ਮੁਖ਼ਬਰ ਬਣਨ ਲਈ 25000 ਰੁਪਏ ਜੋ ਉਸ ਵਕਤ ਕਾਫ਼ੀ ਮੋਟੀ ਰਕਮ ਹੁੰਦੀ ਸੀ, ਦੀ ਪੇਸ਼ਕਸ਼ ਕੀਤੀ ਗਈ ਪਰ ਮੈਂ ਇਹ ਕਹਿ ਕੇ ਠੁਕਰਾ ਦਿੱਤੀ ਕਿ ਮੈਨੂੰ ਭਾਵੇਂ ਫਾਂਸੀ ਲਾਓ ਜਾਂ ਗੋਲੀ ਮਾਰ ਦਿਓ, ਬਿੰਦ ਝੱਟ ਨੂੰ ਮਾਰਦੇ, ਹੁਣੇ ਮਾਰ ਦਿਓ, ਪਰ ਮੇਰੇ ਕੋਲੋਂ ਗ਼ੱਦਾਰੀ ਦੀ ਆਸ ਨਾ ਰੱਖਿਓ।

• ਤੁਹਾਨੂੰ ਵੀ ਕਦੇ ਪੁਲਿਸ ਤਸ਼ੱਦਦ ਦਾ ਸਾਹਮਣਾ ਕਰਨਾ ਪਿਆ?

26 ਜਨਵਰੀ,1971 ਨੂੰ ਮੁੰਡਿਆਂ ਨੇ ਅਜੈਬ ਸਿੰਘ ਕੋਕਰੀ ਦਾ ਕਤਲ ਕਰ ਦਿੱਤਾ। ਇਹ ਸਮਝਿਆ ਜਾਂਦਾ ਸੀ ਕਿ ਇਸ ਅਜੈਬ ਸਿੰਘ ਕੋਕਰੀ ਨੇ ਹੀ ਸਾਂਡਰਸ ਕਤਲ ਕਾਂਡ ਵਿਚ ਸਰਦਾਰ ਭਗਤ ਸਿੰਘ ਹੁਰਾਂ ਦੇ ਖ਼ਿਲਾਫ਼ ਗਵਾਹੀ ਦਿੱਤੀ ਸੀ। ਪੁਲਿਸ ਦਾ ਖ਼ਾਸ-ਮ-ਖ਼ਾਸ ਸੀ। ਬਸ ਫੇਰ ਕੀ ਸੀ, ਮੁੰਡਿਆਂ ਦੀ ਫੜੋ ਫੜੀ ਸ਼ੁਰੂ ਹੋ ਗਈ। ਕਮਿਊਨੀਕੇਸ਼ਨ ਦੀ ਘਾਟ ਲਹਿਰ ਦੀ ਮੁੱਢ ਤੋਂ ਹੀ ਕਮਜ਼ੋਰੀ ਬਣੀ ਰਹੀ ਸੀ। ਸਮਝਿਆ ਜਾਂਦਾ ਸੀ ਕਿ ਇਹ ਕਾਂਡ ਬੈਤ ਰਾਜੇਆਣਾ ਅਤੇ ਉਸਦੇ ਸਾਥੀਆਂ ਨੇ ਅੰਜਾਮ ਦਿੱਤਾ ਸੀ। ਪਰ ਕਾਰਵਾਈ ਤੋਂ ਪਹਿਲਾਂ ਜ਼ਮੀਨੀ ਪੱਧਰ 'ਤੇ ਇਸ ਦੀ ਕੋਈ ਤਿਆਰੀ ਨਹੀਂ ਕੀਤੀ ਗਈ ਸੀ। ਹੇਠਲੇ ਕਾਡਰ ਨੂੰ ਇਸ ਬਾਰੇ ਉੱਕਾ ਹੀ ਨਹੀਂ ਪਤਾ ਸੀ, ਨਹੀਂ ਤਾਂ ਰੂਪੋਸ਼ ਹੋਇਆ ਜਾ ਸਕਦਾ ਸੀ। ਪੁਲਿਸ ਨੇ ਮੁੰਡਿਆਂ ਨੂੰ ਅਚਾਨਕ ਆ ਦਬੋਚਿਆ ਸੀ। ਮੈਂ ਵੀ ਅੜਿੱਕੇ ਆ ਗਿਆ। ਇਕ ਦਿਨ ਮੈਨੂੰ ਹੌਲਦਾਰ ਨੇ ਸਵਾਲ ਕੀਤਾ 'ਥੋਡੇ ਨਾਮ ਨਾਲ 'ਸਾਥੀ' ਤਾਂ ਮੁਹਰੇ ਲੱਗਦਾ ਹੁੰਦਾ। ਤੇਰੇ ਨਾਂ ਨਾਲ ਪਿੱਛੇ ਕਿਵੇਂ?'

ਕੋਲ ਖੜ੍ਹਾ ਥਾਣੇਦਾਰ ਬੋਲਿਆ, 'ਓਏ ਏਹੇ ਕਵਿਤਾ ਕੁਵਤਾ ਲਿਖਦਾ ਹੁੰਦਾ। ਤੇਰੇ ਸਮਝ ਨੀ ਆਉਣਾ, ਛੱਡ ਪਰੇ।ਤੂੰ ਇਹਦੇ ਤਾਉਣੀ ਲਾਉਣ ਦੀ ਤਿਆਰੀ ਕਰ।'

'ਅੱਛਾ, ਗਾਣੇ ਗੂਣੇ ਤਾਂ ਮੈਂ ਵੀ ਲਿਖ ਲੈਨਾਂ' ਹੌਲਦਾਰ ਮਾੜੇ ਮੋਟੇ ਥਰਡ ਕਲਾਸ ਗਾਣੇ ਲਿਖ ਲੈਂਦਾ ਸੀ।

'ਸੁਣਾਓ ਫਿਰ ਕੁਛ' ਮੈਨੂੰ ਲੱਗਿਆ ਅੱਜ ਦੀ ਕੁੱਟ ਤੋਂ ਬਚ ਜਾਵਾਂਗਾ।

ਫੇਰ ਹੌਲਦਾਰ ਆਪਣੇ ਉਟ ਪਟਾਂਗ ਥਰਡ ਕਲਾਸ ਗਾਣੇ ਸੁਣਾਉਣ ਲੱਗਿਆ। ਮੈਨੂੰ ਛੇਤੀ ਹੀ ਮਹਿਸੂਸ ਹੋ ਗਿਆ ਕਿ ਹੌਲਦਾਰ ਦੇ ਗੀਤ ਸੁਣਨ ਨਾਲੋਂ ਤਾਂ ਕੁੱਟ ਖਾਣੀ ਹੀ ਚੰਗੀ ਸੀ। ਫੇਰ ਇਕ ਦਿਨ ਬੈਤ ਰਾਜਿਆਣੇ ਦੇ ਪੁਲਿਸ ਮੁਕਾਬਲੇ ਵਿਚ ਸ਼ਹੀਦ ਹੋਣ ਦੀ ਖ਼ਬਰ ਆਈ। ਬਾਅਦ ਵਿਚ ਪਤਾ ਲੱਗਿਆ ਕਿ ਉਹ ਫ਼ਿਰੋਜ਼ਪੁਰ ਆਈ ਟੀ ਆਈ ਵਿੱਚੋਂ ਫੜਿਆ ਗਿਆ ਸੀ ਅਤੇ ਪੁਲਿਸ ਨੇ ਉਸ ਨੂੰ ਤਸੀਹੇ ਦੇ-ਦੇ ਕੇ ਮਾਰਿਆ ਸੀ। ਇਹ ਵੀ ਪਤਾ ਲੱਗਿਆ ਕਿ ਉਸ ਨੇ ਆਪਣੇ ਆਖ਼ਰੀ ਮੌਕੇ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਲਗਾਏ ਸਨ। ਉਸ ਦੇ ਸ਼ਹੀਦ ਹੋਣ ਬਾਅਦ ਸਾਡੇ ਉੱਤੇ ਪੁਲਿਸ ਦਾ ਕਹਿਰ ਬੰਦ ਹੋ ਗਿਆ।

ਖ਼ੈਰ ਉਸ ਤੋਂ ਬਾਅਦ ਵੀ ਕਈ ਵਾਰ ਪੁਲਿਸ ਨੇ ਫੜਿਆ ਅਤੇ ਕਈ ਵਾਰ ਛੱਡਿਆ। ਐਮਰਜੈਂਸੀ ਵੇਲੇ ਵੀ ਜੇਲ੍ਹ ਕੱਟੀ ਪਰ ਉਦੋਂ ਕੋਈ ਔਖਿਆਈ ਨਹੀਂ ਆਈ। ਅਸੀਂ ਤਿੰਨ ਜਣੇ ਨਕਸਲੀ ਸੀ ਅਤੇ ਬਾਕੀ ਅਕਾਲੀ ਦਲ ਦੇ ਕਾਰਕੁੰਨ। ਜਥੇਦਾਰ ਤੋਤਾ ਸਿੰਘ ਵੀ ਸਾਡੇ ਨਾਲ ਹੀ ਸੀ। ਅਕਾਲੀਆਂ ਨੂੰ ਮੁਲਾਕਾਤੀਆਂ ਵੱਲੋਂ ਲਿਆਂਦੇ ਗਏ ਕੜਾਹ ਪ੍ਰਸ਼ਾਦ, ਸੇਬ, ਕੇਲਿਆਂ 'ਚੋਂ ਅਸੀਂ ਵੀ ਹਿੱਸਾ ਵੰਡਾਉਂਦੇ ਸਾਂ। ਜੇਲ੍ਹ 'ਚੋਂ ਬਾਹਰ ਆਇਆ ਤਾਂ ਮੇਰਾ ਵਜ਼ਨ ਵੱਧ ਗਿਆ ਸੀ।

• ਲਹਿਰ ਦੇ ਖਤਮ ਹੋਣ ਦੇ ਕੀ ਕਾਰਨ ਸਨ ਅਤੇ ਬਾਕੀ ਰਹਿੰਦੇ ਆਗੂਆਂ ਦਾ ਕੀ ਬਣਿਆ?

ਲਹਿਰ ਦੇ ਖ਼ਤਮ ਹੋਣ ਦੇ ਕਈ ਕਾਰਨ ਸਨ। ਇਕ ਤਾਂ ਮੈਂ ਪਹਿਲਾਂ ਹੀ ਜ਼ਿਕਰ ਕੀਤਾ ਹੈ ਕਿ ਉੱਪਰਲੇ ਕਾਡਰ ਤੋਂ ਹੇਠਲੇ ਕਾਡਰ ਤਕ ਕਮਿਊਨੀਕੇਸ਼ਨ ਦੀ ਘਾਟ ਸੀ। ਦੂਸਰਾ ਵੱਡਾ ਕਾਰਨ ਮੈਂ

ਅਗਲੇ ਸਾਲ ਮਾਰਚ ਤੱਕ 90 ਲੱਖ ਮੀਟਰਕ ਟਨ ਭੰਡਾਰਨ ਦੀ ਥਾਂ ਪੈਦਾ ਹੋਵੇਗੀ: ਲਾਲ ਚੰਦ ਕਟਾਰੂਚੱਕ

ਚੰਡੀਗੜ੍ਹ, 10 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਝੋਨੇ ਦੀ ਖਰੀਦ ਦੇ ਚੱਲ ਰਹੇ ਸੀਜ਼ਨ ਦੇ ਮੱਦੇਨਜ਼ਰ ਭੰਡਾਰਨ ਲਈ ਲੋੜੀਂਦੀ ਥਾਂ ਬਣਾਉਣ ਨੂੰ ਯਕੀਨੀ ਬਣਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡ ਰਹੀ ਹੈ।

ਸੂਬਾ ਸਰਕਾਰ ਵੱਲੋਂ ਕੀਤੇ ਗਏ ਅਣਥੱਕ ਯਤਨਾਂ ਸਦਕਾ ਭਾਰਤੀ ਖੁਰਾਕ ਨਿਗਮ (ਐਫਸੀਆਈ) ਵੱਲੋਂ ਅਕਤੂਬਰ ਦੇ ਅੰਤ ਤੱਕ ਪੰਜਾਬ ਤੋਂ 15 ਲੱਖ ਮੀਟ੍ਰਿਕ ਟਨ ਚੌਲ ਦੀ ਚੁਕਾਈ ਕੀਤੀ ਜਾਵੇਗੀ ਅਤੇ ਇਹ ਕੰਮ 20 ਰੇਲ ਗੱਡੀਆਂ, 3 ਕੰਟੇਨਰਾਂ ਅਤੇ ਕੁਝ ਛੋਟੇ ਟਰੱਕਾਂ ਨੂੰ ਇਸਤੇਮਾਲ ਕਰਦਿਆਂ ਪੂਰਾ ਕੀਤਾ ਜਾਵੇਗਾ। ।

ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਦੱਸਿਆ ਕਿ 31 ਦਸੰਬਰ, 2024 ਤੱਕ ਸੂਬੇ ਦੇ ਗੋਦਾਮਾਂ ਤੋਂ ਲਗਭਗ 40 ਲੱਖ ਮੀਟਰਕ ਟਨ ਚੌਲਾਂ ਦੀ ਚੁਕਾਈ ਕੀਤੀ ਜਾਵੇਗੀ ਤਾਂ ਜੋ ਨਵੀਂ ਫਸਲ ਦੇ ਭੰਡਾਰਨ ਲਈ ਲੋੜੀਂਦੀ ਥਾਂ ਮੁਹੱਈਆ ਕਰਵਾਈ ਜਾ ਸਕੇ।

ਮੰਤਰੀ ਨੇ ਦੱਸਿਆ ਕਿ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ (ਪੀਪੀਪੀ) ਮੋਡ ਰਾਹੀਂ ਹੋਰ ਗੋਦਾਮਾਂ ਦਾ ਨਿਰਮਾਣ ਵੀ ਕੀਤਾ ਜਾ ਰਿਹਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਅਗਲੇ ਸਾਲ ਮਾਰਚ ਤੱਕ 90 ਲੱਖ ਮੀਟਰਕ ਟਨ ਭੰਡਾਰਨ ਦੀ ਥਾਂ (ਸਟੋਰੇਜ ਸਪੇਸ) ਪੈਦਾ ਹੋਣ ਦੀ ਸੰਭਾਵਨਾ ਹੈ। ਇਸ ਲਈ ਅਨਾਜ ਨੂੰ ਸਟੋਰ ਕਰਨ ਲਈ ਥਾਂ ਦੀ ਕਿੱਲਤ ਨਹੀਂ ਹੋਵੇਗੀ।

ਉਨ੍ਹਾਂ ਅੱਗੇ ਦੱਸਿਆ ਕਿ ਆੜ੍ਹਤੀਆਂ ਨੇ ਅੱਜ ਤੋਂ ਹੀ ਬਾਸਮਤੀ ਚੌਲਾਂ ਦੀ ਖਰੀਦ ਸ਼ੁਰੂ ਕਰ ਦਿੱਤੀ ਹੈ ਅਤੇ ਸੂਬਾ ਸਰਕਾਰ ਉਨ੍ਹਾਂ ਦੀਆਂ ਮੰਗਾਂ ਅਤੇ ਉਨ੍ਹਾਂ ਵੱਲੋਂ ਉਠਾਏ ਗਏ ਮੁੱਦਿਆਂ ਪ੍ਰਤੀ ਪੂਰੀ ਤਰ੍ਹਾਂ ਸੁਹਿਰਦ ਹੈ।

ਧਰਨੇ ਵਜੋਂ ਰੇਲ ਪਟੜੀਆਂ ਰੋਕੀ ਬੈਠੇ ਕਿਸਾਨਾਂ ਨੂੰ ਅਜਿਹਾ ਕਰਨ ਤੋਂ ਗੁਰੇਜ਼ ਕਰਨ ਦਾ ਸੱਦਾ ਦਿੰਦਿਆਂ ਮੰਤਰੀ ਨੇ ਕਿਹਾ ਕਿ ਇਸ ਨਾਲ ਗੁਦਾਮਾਂ ਵਿੱਚ ਨਵੀਂ ਫਸਲ ਲਈ ਖਾਲੀ ਥਾਵਾਂ ਯਕੀਨੀ ਬਣਾਉਣ ਵਿੱਚ ਮੁਸ਼ਕਿਲ ਪੇਸ਼ ਆਵੇਗੀ।

ਖੜਗਾ ਕੋਰ ਨੇ 53ਵਾਂ ਸਥਾਪਨਾ ਦਿਵਸ ਮਨਾਇਆ

ਅੰਬਾਲਾ, 10 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਅੰਬਾਲਾ ਕੈਂਟ ਅਧਾਰਿਤ ਸੈਨਾ ਦੀ ਖੜਗਾ ਕੋਰ ਨੇ ਅੱਜ ਇੱਥੇ ਆਪਣਾ 53ਵਾਂ ਸਥਾਪਨਾ ਦਿਵਸ ਮਨਾਇਆ।

ਖੜਗਾ ਕੋਰ ਦੇ ਜਨਰਲ ਆਫੀਸਰ ਕਮਾਂਡਿੰਗ (ਜੀਓਸੀ) ਲੈਫਟੀਨੈਂਟ ਜਨਰਲ ਰਾਜੇਸ਼ ਪੁਸ਼ਕਰ ਨੇ ਕੋਰ ਦੇ ਸਾਰੇ ਰੈਂਕਾਂ ਵੱਲੋਂ ''ਵਿਜੈ ਸਮਾਰਕ' ਉੱਤੇ ਮਾਤ ਭੂਮੀ ਲਈ ਮਹਾਨ ਸੂਰਬੀਰਾਂ ਵੱਲੋਂ ਦਿੱਤੀ ਗਈ ਕੁਰਬਾਨੀ ਦੀ ਯਾਦ ਵਿੱਚ ਇੱਕ ਫੁੱਲ ਚੱਕਰ ਭੇਟ ਕਰਕੇ ਸ਼ਰਧਾਂਜਲੀ ਦਿੱਤੀ ਅਤੇ ਸਥਾਪਨਾ ਦਿਵਸ ਨੂੰ ਮੁੱਖ ਰੱਖਦਿਆਂ ਖੜਗਾ ਕੋਰ ਦੇ ਸਾਰੇ ਰੈਂਕਾਂ, ਸੀਨੀਅਰਾਂ, ਸਿਵਲ ਕਰਮਚਾਰੀਆਂ ਅਤੇ ਖੜਗਾ ਕੋਰ ਦੇ ਪਰਿਵਾਰਾਂ ਨੂੰ ਵਧਾਈ ਅਤੇ ਸ਼ੁਭ ਕਾਮਨਾਵਾਂ ਦਿੱਤੀਆਂ।

ਟਰੱਕ ਅਤੇ ਕੰਟੇਨਰ ਦੀ ਟੱਕਰ, ਇੱਕ ਹਲਾਕ

ਜੀਂਦ, 10 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਇੱਥੇ ਸੇਬ ਨਾਲ ਭਰੇ ਟਰੱਕ ਅਤੇ ਕੰਟੈਨਰ ਦੀ ਟੱਕਰ ਹੋਣ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ ਅਤੇ ਹੋਰ ਤਿੰਨ ਜਖ਼ਮੀ ਹੋ ਗਏ। ਪਿੰਡ ਨਿਡਾਨਾ ਵਾਸੀ ਬੇਗਰਾਜ ਹਿਮਾਚਲ ਤੋਂ ਟਰੱਕ ਸੇਬਾਂ ਨਾਲ ਭਰ ਕੇ ਸੋਨੀਪਤ ਜਾ ਰਿਹਾ ਸੀ ਤੇ ਜਦੋਂ ਉਹ 152-ਡੀ ਰੋਡ 'ਤੇ ਪਹੁੰਚਿਆ ਤਾਂ ਉਸ ਨੇ ਟਰੱਕ ਸੜਕ ਦੇ ਇੱਕ ਪਾਸੇ ਖੜ੍ਹਾਂ ਕਰਕੇ ਪਿੰਡ ਆਸਨ ਵਾਸੀ ਸਤੀਸ਼ ਨੂੰ ਸੇਬ ਲੈਣ ਲਈ ਬੁਲਾ ਲਿਆ।

ਜਦੋਂ ਸਤੀਸ਼ ਉੱਥੇ ਪਹੁੰਚਿਆ ਤਾਂ ਇਸੇ ਦੌਰਾਨ ਪਿੱਛੇ ਤੋਂ ਆ ਰਹੇ ਰਾਜਸਥਾਨ ਨੰਬਰ ਦੇ ਤੇਜ਼ ਰਫਤਾਰ ਕੰਟੈਨਰ ਨੇ ਟਰੱਕ ਨੂੰ ਟੱਕਰ ਮਾਰ ਦਿੱਤੀ। ਇਸ ਕਾਰਨ ਸਤੀਸ਼, ਬੇਗਰਾਜ, ਟਰੱਕ ਡਰਾਈਵਰ ਅਤੇ ਕਲੀਨਰ ਸਣੇ 4 ਵਿਅਕਤੀ ਫੱਟੜ ਹੋ ਗਏ। ਜ਼ਖਮੀਆਂ ਨੂੰ ਰੋਹਤਕ ਪੀਜੀਆਈ ਭੇਜਿਆ ਗਿਆ ਤੇ ਸਤੀਸ਼ ਨੂੰ ਹਿਸਾਰ ਦੇ ਨਿੱਜੀ ਹਸਪਤਾਲ ਵਿੱਚ ਲਿਆਂਦਾ ਗਿਆ। ਜਿੱਥੇ ਸਤੀਸ਼ ਦੀ ਮੌਤ ਹੋ ਗਈ। ਥਾਣਾ ਸਦਰ ਜੀਂਦ ਪੁਲੀਸ ਨੇ ਕੰਟੈਨਰ ਡਰਾਈਵਰ ਖਿਲਾਫ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਝੋਨੇ ਦੀ ਸਰਕਾਰੀ ਖਰੀਦ ਸ਼ੁਰੂ ਕਰਵਾਉਣ ਲਈ ਪ੍ਰਸ਼ਾਸਨ ਯਤਨਸ਼ੀਲ

ਮਾਛੀਵਾੜਾ ਸਾਹਿਬ, 10 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੀਆਂ ਮੰਡੀਆਂ ਵਿਚ ਝੋਨੇ ਦੀ ਆਮਦ ਜ਼ੋਰਾਂ 'ਤੇ ਹੋ ਗਈ ਹੈ ਪਰ ਆੜ੍ਹਤੀ ਤੇ ਸ਼ੈਲਰ ਮਾਲਕ ਆਪਣੀਆਂ ਮੰਗਾਂ ਨੂੰ ਲੈ ਕੇ ਹੜਤਾਲ 'ਤੇ ਹੋਣ ਕਾਰਨ ਇੱਕ ਅਕਤੂਬਰ ਨੂੰ ਸ਼ੁਰੂ ਹੋਣ ਵਾਲੀ ਸਰਕਾਰੀ ਖਰੀਦ ਅੱਜ ਛੇ ਅਕਤੂਬਰ ਤੱਕ ਵੀ ਸ਼ੁਰੂ ਨਾ ਹੋ ਸਕੀ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਸਮੁੱਚਾ ਪ੍ਰਸ਼ਾਸਨ ਮੰਡੀਆਂ ਵਿਚ ਝੋਨੇ ਦੀ ਸਰਕਾਰੀ ਖਰੀਦ ਸ਼ੁਰੂ ਕਰਵਾਉਣ ਨੂੰ ਲੈ ਕੇ ਯਤਨਸ਼ੀਲ ਹਨ ਜਿਸ ਸਬੰਧੀ ਉਨ੍ਹਾਂ ਵਲੋਂ ਸ਼ੈਲਰ ਮਾਲਕਾਂ ਤੇ ਆੜ੍ਹਤੀਆਂ ਨਾਲ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ।

ਬੇਸ਼ੱਕ ਮੁੱਖ ਮੰਤਰੀ ਭਗਵੰਤ ਮਾਨ ਨੇ ਬੀਤੇ ਦਿਨ ਸ਼ੈਲਰ ਮਾਲਕਾਂ ਨਾਲ ਮੀਟਿੰਗ ਕੀਤੀ ਅਤੇ ਉਨ੍ਹਾਂ ਦੀਆਂ ਮੰਗਾਂ 'ਤੇ ਸਹਿਮਤੀ ਪ੍ਰਗਟਾਉਂਦਿਆਂ ਹੱਲ ਕਰਨ ਦਾ ਭਰੋਸਾ ਦਿੱਤਾ ਪਰ ਅਜੇ ਤੱਕ ਸ਼ੈਲਰ ਮਾਲਕਾਂ ਵਲੋਂ ਇਹ ਐਲਾਨ ਨਹੀਂ ਕੀਤਾ ਗਿਆ ਕਿ ਉਹ ਮੰਡੀਆਂ 'ਚੋਂ ਝੋਨਾ ਚੁੱਕਣਗੇ ਜਿਸ ਕਾਰਨ ਫਿਲਹਾਲ ਮਾਮਲਾ ਜਿਉਂ ਦਾ ਤਿਉਂ ਬਣਿਆ ਹੋਇਆ ਹੈ। ਭਲਕੇ ਸੱਤ ਅਕਤੂਬਰ ਨੂੰ ਸਰਕਾਰ ਤੇ ਪ੍ਰਸ਼ਾਸਨ ਦੀਆਂ ਮੀਟਿੰਗਾਂ ਦਾ ਦੌਰ ਫਿਰ ਤੋਂ ਚੱਲੇਗਾ ਅਤੇ ਸੰਭਾਵਨਾ ਕੀਤੀ ਜਾ ਰਹੀ ਹੈ ਕਿ ਸ਼ਾਮ ਤੱਕ ਇਸ ਸਮੱਸਿਆ ਦਾ ਹੱਲ ਕੱਢ ਕੇ ਸਰਕਾਰੀ ਖਰੀਦ ਸ਼ੁਰੂ ਹੋ ਜਾਵੇਗੀ।

ਪ੍ਰਸ਼ਾਸਨ ਤੇ ਸਰਕਾਰ ਮੰਡੀਆਂ ਵਿਚ ਝੋਨੇ ਦੀ ਸਰਕਾਰੀ ਖਰੀਦ ਸ਼ੁਰੂ ਕਰਵਾਉਣ ਲਈ ਯਤਨਸ਼ੀਲ ਹਨ ਜਿਸ ਲਈ ਸਰਕਾਰੀ ਖਰੀਦ ਏਜੰਸੀਆਂ ਦੇ ਨੁਮਾਇੰਦਿਆਂ ਨੂੰ ਨਿਰਦੇਸ਼ ਵੀ ਆ ਗਏ ਹਨ ਕਿ ਉਹ ਸ਼ੈਲਰ ਮਾਲਕਾਂ ਤੇ ਆੜ੍ਹਤੀਆਂ ਨਾਲ ਰਾਬਤਾ ਕਾਇਮ ਕਰ ਭਲਕੇ ਸੱਤ ਅਕਤੂਬਰ ਨੂੰ ਝੋਨੇ ਦੀ ਖਰੀਦ ਹਰ ਹਾਲਤ ਸ਼ੁਰੂ ਕਰਵਾਉਣ। ਦੂਜੇ ਪਾਸੇ ਸ਼ੈਲਰ ਮਾਲਕ ਤੇ ਆੜ੍ਹਤੀ ਫਿਲਹਾਲ ਆਪਣੀਆਂ ਮੰਗਾਂ ਪ੍ਰਤੀ ਭਰੋਸੇ ਦੀ ਬਜਾਏ ਉਸ ਨੂੰ ਅਮਲੀ ਜਾਮਾ ਪਹਿਨਾਉਣ ਲਈ ਸਰਕਾਰ ਦੀ ਸਵੱਲੀ ਨਜ਼ਰ ਦੀ ਉਡੀਕ ਕਰ ਰਹੇ ਹਨ ਤਾਂ ਜੋ ਉਹ ਵੀ ਹੜਤਾਲ ਖਤਮ ਕਰ ਆਪਣੇ ਕੰਮਕਾਰ 'ਤੇ ਲੱਗ ਸਕਣ।

ਮਾਛੀਵਾੜਾ ਮੁੱਖ ਅਨਾਜ ਮੰਡੀ ਅਤੇ ਇਸ ਦੇ ਉਪ ਖਰੀਦ ਕੇਂਦਰਾਂ ਵਿੱਚ ਕਰੀਬ ਇੱਕ ਲੱਖ ਕੁਇੰਟਲ ਤੋਂ ਵੱਧ ਝੋਨੇ ਦੀ ਆਮਦ ਹੋ ਚੁੱਕੀ ਹੈ ਜੋ ਕਿ ਢੇਰੀਆਂ ਦੇ ਰੂਪ ਵਿਚ ਖੁੱਲ੍ਹੇ ਅਸਮਾਨ ਹੇਠ ਪਿਆ ਹੈ। ਕਿਸਾਨਾਂ ਫ਼ਸਲ ਨਾ ਵਿਕਣ ਕਰਕੇ ਤਾਂ ਚਿੰਤਾਂ ਵਿਚ ਹਨ। ਦੂਜੇ ਪਾਸੇ ਬੀਤੀ ਰਾਤ ਬੇਮੌਸਮੀ ਝੱਖੜ ਤੇ ਕੁਝ ਥਾਵਾਂ 'ਤੇ ਹੋਈ ਹਲਕੀ ਬਾਰਿਸ਼ ਕਾਰਨ ਕਿਸਾਨਾਂ ਦੇ ਚਿਹਰੇ ਮੁਰਝਾਏ ਹੋਏ ਹਨ ਕਿ ਇੱਕ ਪਾਸੇ ਫਸਲ ਨਹੀਂ ਵਿਕ ਰਹੀ ਅਤੇ ਉੱਪਰੋਂ ਕੁਦਰਤੀ ਕਰੋਪੀ ਕਾਰਨ ਵੱਡਾ ਆਰਥਿਕ ਨੁਕਸਾਨ ਨਾ ਹੋ ਜਾਵੇ।

ਝੱਖੜ ਕਾਰਨ ਨੁਕਸਾਨੀਆਂ ਫ਼ਸਲਾਂ ਲਈ ਮੁਆਵਜ਼ੇ ਦੀ ਮੰਗ

ਲੁਧਿਆਣਾ, 10 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਜਮਹੂਰੀ ਕਿਸਾਨ ਸਭਾ ਨੇ ਪੰਜਾਬ ਸਰਕਾਰ ਤੋਂ ਮੌਸਮ ਦੀ ਖ਼ਰਾਬੀ ਕਾਰਨ ਫ਼ਸਲਾਂ ਦੇ ਹੋਏ ਖਰਾਬੇ ਲਈ ਮੁਆਵਜ਼ੇ ਦੀ ਮੰਗ ਕੀਤੀ ਹੈ।

ਅੱਜ ਇੱਥੇ ਜਮਹੂਰੀ ਕਿਸਾਨ ਸਭਾ ਪੰਜਾਬ ਦੇ ਸੂਬਾਈ ਪ੍ਰਧਾਨ ਡਾ. ਸਤਨਾਮ ਸਿੰਘ ਅਜਨਾਲਾ ਅਤੇ ਜਨਰਲ ਸਕੱਤਰ ਕੁਲਵੰਤ ਸਿੰਘ ਸੰਧੂ ਨੇ ਕਿਹਾ ਹੈ ਕਿ ਬੀਤੀ ਰਾਤ ਪੰਜਾਬ 'ਚ ਆਏ ਝੱਖੜ, ਮੀਂਹ ਅਤੇ ਗੜਿਆਂ ਕਾਰਨ ਪੱਕੀ ਝੋਨੇ ਦੀ ਫ਼ਸਲ ਦਾ ਕਾਫ਼ੀ ਨੁਕਸਾਨ ਹੋਇਆ ਹੈ।ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਫ਼ਸਲਾਂ ਦੀ ਸਪੈਸ਼ਲ ਗਿਦਾਵਰੀ ਕਰਕੇ ਕਿਸਾਨਾਂ ਨੂੰ ਮੁਆਵਜ਼ਾ ਦਿੱਤਾ ਜਾਵੇ ਤਾਂ ਜੋ ਉਨ੍ਹਾਂ ਦਾ ਨੁਕਸਾਨ ਪੂਰਾ ਹੋ ਸਕੇ।

ਉਨ੍ਹਾਂ ਕਿਹਾ ਕਿ ਮਾਝੇ ਦੇ ਚਾਰ ਜ਼ਿਲ੍ਹਿਆਂ ਪਠਾਨਕੋਟ, ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਤਰਨ ਤਾਰਨ ਵਿੱਚ ਨੁਕਸਾਨ ਜ਼ਿਆਦਾ ਹੋਣ ਦੀਆਂ ਖ਼ਬਰਾਂ ਹਨ।

ਉਨ੍ਹਾਂ ਮੰਗ ਕੀਤੀ ਹੈ ਕਿ ਹੋਏ ਖਰਾਬੇ ਦੀ ਸਪੈਸ਼ਲ ਗਿਦਾਵਰੀ ਕਰਕੇ ਕਿਸਾਨ ਨੂੰ ਪ੍ਰਤੀ ਏਕੜ 40 ਹਜ਼ਾਰ ਰੁਪਏ ਮੁਆਵਜ਼ਾ ਦਿੱਤਾ ਜਾਵੇ। ਬਾਕੀ ਜ਼ਿਲ੍ਹਿਆਂ ਦੇ ਹੋਏ ਨੁਕਸਾਨ ਦਾ ਵੀ ਪੱਕਾ ਅੰਦਾਜ਼ਾ ਲਗਾਇਆ ਜਾਵੇ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਝੋਨੇ ਦੀ ਖਰੀਦ ਬਿਨਾਂ ਕਿਸੇ ਰੁਕਾਵਟ ਦੇ ਕੀਤੀ ਜਾਵੇ।

ਸੂਬਾਈ ਪ੍ਰੈਸ ਸਕੱਤਰ ਹਰਨੇਕ ਸਿੰਘ ਗੁੱਜਰਵਾਲ ਨੇ ਕਿਹਾ ਕਿ ਝੋਨਾ ਵੇਚਣ ਆਏ ਕਿਸਾਨਾਂ ਨੂੰ ਕਿਸੇ ਪ੍ਰਕਾਰ ਦੀ ਮੁਸ਼ਕਲ ਨਾ ਆਵੇ, ਇਸ ਦਾ ਪ੍ਰਬੰਧ ਸਰਕਾਰ ਨੂੰ ਕਰਨਾ ਚਾਹੀਦਾ ਹੈ।

ਉਨ੍ਹਾਂ ਕਿਸਾਨਾਂ ਨੂੰ ਵੀ ਅਪੀਲ ਕੀਤੀ ਹੈ ਕਿ ਜਿੱਥੇ ਕਿਤੇ ਵੀ ਕਿਸਾਨਾਂ ਨੂੰ ਮੁਸ਼ਕਲ ਆਉਂਦੀ ਹੈ ਤਾਂ ਉਹ ਜਮਹੂਰੀ ਕਿਸਾਨ ਸਭਾ ਪੰਜਾਬ ਦੇ ਸਥਾਨਕ ਆਗੂਆਂ ਨਾਲ ਸੰਪਰਕ ਕਰਨ।

ਦਮਦਮੀ ਟਕਸਾਲ ਗੱਤਕਾ ਅਖਾੜਾ ਡਰਬੀ ਦੇ ਲੜਕੇ ਤੇ ਲੜਕੀਆਂ ਦੀ ਟੀਮ ਜੇਤੂ ਰਹੀ

ਚੰਡੀਗੜ੍ਹ, 10 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

10ਵੀਂ ਯੂ.ਕੇ. ਗੱਤਕਾ ਚੈਂਪੀਅਨਸ਼ਿਪ ਸ੍ਰੀ ਗੁਰੂ ਸਿੰਘ ਸਭਾ ਡਰਬੀ ਵਿਖੇ ਕਰਵਾਈ ਗਈ ਜਿਸ ਵਿੱਚ ਵੱਖ-ਵੱਖ ਸ਼ਹਿਰਾਂ ਤੋਂ ਪਹੁੰਚੇ 9 ਗੱਤਕਾ ਅਖਾੜਿਆਂ ਦੇ ਲੜਕਿਆਂ ਅਤੇ ਬੀਬੀਆਂ ਨੇ ਗੱਤਕੇ ਦੇ ਜੌਹਰ ਵਿਖਾਏ। ਸ਼ਬਦ ਕੀਰਤਨ ਅਤੇ ਅਰਦਾਸ ਤੋਂ ਉਪਰੰਤ ਸ਼ੁਰੂ ਹੋਏ ਗੱਤਕਾ ਮੁਕਾਬਲਿਆਂ ਵਿੱਚ ਵੱਖ ਵੱਖ ਉਮਰ ਦੇ ਬੱਚਿਆਂ, ਬੀਬੀਆਂ ਅਤੇ ਮਰਦਾਂ ਨੇ ਭਾਗ ਲਿਆ ਜਿਹਨਾਂ ਵਿੱਚੋਂ 12 ਤੋਂ 14 ਸਾਲ ਦੇ ਮੁਕਾਬਲੇ 'ਚੋਂ ਦਮਦਮੀ ਟਕਸਾਲ ਗੱਤਕਾ ਅਖਾੜਾ ਡਰਬੀ ਦੀ ਟੀਮ ਪਹਿਲੇ ਅਤੇ ਅਕਾਲੀ ਬਾਬਾ ਅਜੀਤ ਸਿੰਘ ਗੱਤਕਾ ਅਖਾੜਾ ਮਾਨਚੈਸਟਰ ਦੂਜੇ ਸਥਾਨ ਰਹੀ।

ਲੜਕੀਆਂ ਵਿੱਚੋਂ ਅਕਾਲੀ ਫੂਲਾ ਸਿੰਘ ਗੱਤਕਾ ਅਖਾੜਾ ਕਵੈਂਟਰੀ ਦੀ ਗੁਰਸੁਖਮਨ ਕੌਰ ਪਹਿਲੇ ਅਤੇ ਅਕਾਲੀ ਬਾਬਾ ਅਜੀਤ ਸਿੰਘ ਗੱਤਕਾ ਅਖਾੜਾ ਵਾਰਿੰਗਟਨ ਦੀ ਜੀਆ ਕੌਰ ਦੂਜੇ ਸਥਾਨ ਤੇ ਰਹੀ। ਇਸੇ ਤਰਾਂ 15 ਤੋਂ 17 ਉਮਰ ਦੇ ਲੜਕੀਆਂ ਦੇ ਮੁਕਾਬਲਿਆਂ 'ਚੋਂ ਦਮਦਮੀ ਟਕਸਾਲ ਗੱਤਕਾ ਅਖਾੜਾ ਡਰਬੀ ਜੇਤੂ ਰਹੀ ਅਤੇ ਬਾਬਾ ਬੰਦਾ ਸਿੰਘ ਬਹਾਦਰ ਗੱਤਕਾ ਅਖਾੜਾ ਡਰਬੀ ਦੀ ਟੀਮ ਉੱਪ ਜੇਤੂ ਰਹੀ। ਲੜਕਿਆਂ 'ਚੋਂ ਬਾਬਾ ਬੰਦਾ ਸਿੰਘ ਬਹਾਦਰ ਗੱਤਕਾ ਅਖਾੜਾ ਦੀ ਟੀਮ ਜੇਤੂ ਅਤੇ ਦਮਦਮੀ ਟਕਸਾਲ ਗੱਤਕਾ ਅਖਾੜਾ ਡਰਬੀ ਦੀ ਟੀਮ ਉੱਪ ਜੇਤੂ ਰਹੀ। ਬੀਬੀਆਂ ਦੇ ਮੁਕਾਬਲਿਆਂ 'ਚੋਂ ਦਮਦਮੀ ਟਕਸਾਲ ਗੱਤਕਾ ਅਖਾੜਾ ਡਰਬੀ ਪਹਿਲੇ ਅਤੇ ਬਾਬਾ ਫਤਹਿ ਸਿੰਘ ਗੱਤਕਾ ਅਖਾੜਾ ਗ੍ਰੇਵਜ਼ੈਂਡ ਦੂਜੇ ਸਥਾਨ 'ਤੇ ਰਹੀ। ਮਰਦਾਂ ਦੇ ਮੁਕਾਬਲੇ 'ਚੋਂ ਦਮਦਮੀ ਟਕਸਾਲ ਗੱਤਕਾ ਅਖਾੜਾ ਡਰਬੀ ਦੇ ਸਿੰਘਾਂ ਨੇ ਪਹਿਲਾ ਅਤੇ ਦੂਜਾ ਇਨਾਮ ਜਿੱਤਿਆ।

ਇਸ ਮੌਕੇ ਬੋਲਦਿਆਂ ਗੱਤਕਾ ਫੈਡਰੇਸ਼ਨ ਯੂ.ਕੇ. ਦੇ ਪ੍ਰਧਾਨ ਤੇ ਤਨਮਨਜੀਤ ਸਿੰਘ ਢੇਸੀ ਐਮਪੀ ਨੇ ਕਿਹਾ ਕਿ ਸੰਗਤਾਂ ਦੇ ਸਹਿਯੋਗ ਨਾਲ ਪਿਛਲੇ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਲਗਾਤਾਰ ਗੱਤਕਾ ਚੈਂਪੀਅਨਸ਼ਿਪਾਂ ਕਰਵਾਈਆਂ ਜਾ ਰਹੀਆਂ ਹਨ। ਉਹਨਾਂ ਗੁਰਦੁਆਰਾ ਸਿੰਘ ਸਭਾ ਡਰਬੀ, ਗੁਰਦੁਆਰਾ ਸ੍ਰੀ ਗੁਰੂ ਅਰਜਨ ਦੇਵ ਜੀ ਡਰਬੀ, ਨੈਸ਼ਨਲ ਸਿੱਖ ਮਿਊਜ਼ੀਅਮ ਦੇ ਸੇਵਾਦਾਰਾਂ ਅਤੇ ਸਹਿਯੋਗੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਗੱਤਕਾ ਕਲਾ ਅਤੇ ਸ਼ਾਸ਼ਤਰ ਵਿੱਦਿਆ ਨੂੰ ਬਰਤਾਨੀਆ ਵਿੱਚ ਹੋਰ ਪ੍ਰਫੁਲਤ ਕਰਨ ਲਈ ਅਜੇ ਬਹੁਤ ਕੁਝ ਕਰਨ ਦੀ ਲੋੜ ਹੈ ਅਤੇ ਅਸੀਂ ਇਸ ਲਈ ਯਤਨ ਕਰ ਰਹੇ ਹਾਂ।

ਇਸ ਮੌਕੇ ਯੂਕੇ ਗੱਤਕਾ ਫੈਡਰੇਸ਼ਨ ਦੇ ਜਨਰਲ ਸਕੱਤਰ ਹਰਮਨ ਸਿੰਘ ਜੌਹਲ, ਜਸਪਾਲ ਸਿੰਘ ਢੇਸੀ, ਰਾਜਿੰਦਰ ਸਿੰਘ ਪੁਰੇਵਾਲ, ਡਾ: ਰਣਜੀਤ ਸਿੰਘ ਵਿਰਕ, ਜਸਬੀਰ ਸਿੰਘ ਢਿਲੋਂ ਮੁੱਖ ਸੇਵਾਦਾਰ ਗੁਰਦੁਆਰਾ ਗੁਰੂ ਅਰਜਨ ਦੇਵ ਜੀ, ਸੁਖਦੇਵ ਸਿੰਘ ਅਟਵਾਲ, ਕੌਂਸਲਰ ਬਲਬੀਰ ਸਿੰਘ ਸੰਧੂ, ਦਲਜੀਤ ਸਿੰਘ ਵਿਰਕ, ਰਮਿੰਦਰ ਸਿੰਘ ਪੰਚ ਪ੍ਰਧਾਨੀ ਯੂਕੇ, ਬੌਬੀ ਜੁਟਲਾ ਸਲੋਹ, ਮਨਪ੍ਰੀਤ ਸਿੰਘ ਖਾਲਸਾ, ਬਿਕਰਮਜੀਤ ਸਿੰਘ, ਅਜੈਬ ਸਿੰਘ ਗਰਚਾ ਆਦਿ ਨੇ ਗੱਤਕਾ ਖਿਡਾਰੀਆਂ ਦਾ ਵਿਸ਼ੇਸ਼ ਧੰਨਵਾਦ ਕੀਤਾ।

ਇਸ ਮੌਕੇ ਹੋਰਨਾ ਤੋਂ ਇਲਾਵਾ ਐਮਪੀ ਕੈਥਰਿਨ ਐਕਿੰਸਨ, ਐਮਪੀ ਬਾਗੀ ਸ਼ੰਕਰ, ਕੌਂਸਲਰ ਹਰਦਿਆਲ ਸਿੰਘ ਢੀਂਡਸਾ ਸਾਬਕਾ ਪੁਲਿਸ ਕਮਿਸ਼ਨਰ, ਕੌਂਸਲਰ ਹਰਜਿੰਦਰ ਸਿੰਘ ਗਹੀਰ, ਕੌਂਸਲਰ ਗੁਰਕਿਰਨ

ਨਾਮਜ਼ਦਗੀਆਂ ਰੱਦ ਕਰਨ ਖ਼ਿਲਾਫ਼ ਕਾਂਗਰਸ, ਭਾਜਪਾ ਤੇ ਅਕਾਲੀ ਦਲ ਵੱਲੋਂ ਧਰਨਾ

ਰੋਸ ਪ੍ਰਦਰਸ਼ਨ ਕਰਦੇ ਹੋਏ ਵੱਖ-ਵੱਖ ਪਾਰਟੀਆਂ ਦੇ ਕਾਰਕੁਨ।

ਰਾਜਪੁਰਾ, 10 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਚਾਇਤੀ ਚੋਣਾਂ ਲਈ ਉਮੀਦਵਾਰਾਂ ਦੀਆਂ ਨਾਮਜ਼ਦਗੀਆਂ ਰੱਦ ਕਰਨ ਖ਼ਿਲਾਫ਼ ਕਾਂਗਰਸ, ਭਾਜਪਾ ਤੇ ਅਕਾਲੀ ਦਲ ਨੇ ਸਥਾਨਕ ਗਗਨ ਚੌਕ 'ਚ 'ਆਪ' ਖ਼ਿਲਾਫ਼ ਸਾਂਝਾ ਰੋਸ ਧਰਨਾ ਦਿੱਤਾ। ਇਸ ਧਰਨਾਕਾਰੀਆਂ ਨੇ ਸੱਤਾਧਾਰੀ ਧਿਰ 'ਤੇ ਉਮੀਦਵਾਰਾਂ ਦੇ ਨਾਮਜ਼ਦਗੀ ਕਾਗਜ਼ ਜਬਰੀ ਅਤੇ ਗੈਰ ਸੰਵਿਧਾਨਕ ਤਰੀਕੇ ਨਾਲ ਰੱਦ ਕਰਨ ਦੇ ਦੋਸ਼ ਲਾਇਆ। ਧਰਨੇ ਦੌਰਾਨ ਵਾਹਨਾਂ ਦੀਆਂ ਲੰਮੀਆਂ-ਲੰਮੀਆਂ ਕਤਾਰਾਂ ਲੱਗ ਗਈਆਂ ਅਤੇ ਰਾਹਗੀਰਾਂ ਨੂੰ ਪ੍ਰੇਸ਼ਾਨੀ ਝੱਲਣੀ ਪਈ। ਧਰਨੇ ਨੂੰ ਸਾਬਕਾ ਵਿਧਾਇਕ ਹਲਕਾ ਘਨੌਰ ਮਦਨ ਲਾਲ ਜਲਾਲਪੁਰ, ਸਾਬਕਾ ਵਿਧਾਇਕ ਰਾਜਪੁਰਾ ਹਰਦਿਆਲ ਸਿੰਘ ਕੰਬੋਜ, ਸੁਰਜੀਤ ਸਿੰਘ ਗੜ੍ਹੀ ਨੇ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ ਸਾਰੇ ਨਿਯਮ ਕਾਨੂੰਨ ਛਿੱਕੇ ਟੰਗ ਕੇ ਉਮੀਦਵਾਰਾਂ ਦੇ ਕਾਗਜ਼ ਰੱਦ ਕਰ ਕੀਤੇ ਗਏ ਹਨ, ਜੋ ਕਿ ਲੋਕਤੰਤਰ ਦਾ ਕਤਲ ਹੈ। ਇਸ ਮੌਕੇ ਨਗਰ ਕੌਂਸਲ ਦੇ ਪ੍ਰਧਾਨ ਨਰਿੰਦਰ ਸ਼ਾਸ਼ਤਰੀ, ਕੌਂਸਲਰ ਅਮਨਦੀਪ ਸਿੰਘ ਨਾਗੀ, ਯੋਗੇਸ਼ ਕੱਦ ਗੋਲਡੀ, ਪ੍ਰਦੀਪ ਨੰਦਾ, ਵਿਸ਼ਨੂ ਸ਼ਰਮਾ ਤੋਂ ਇਲਾਵਾ ਹੋਰ ਪਿੰਡਾ ਦੇ ਲੋਕ ਮੌਜੂਦ ਸਨ। ਉੱਧਰ, ਧਰਨੇ ਤੋਂ ਤੁਰੰਤ ਬਾਅਦ ਹਲਕਾ ਰਾਜਪੁਰਾ ਦੀ ਵਿਧਾਇਕਾ ਨੀਨਾ ਮਿੱਤਲ ਨੇ ਆਪਣੇ ਨਿਵਾਸ ਸਥਾਨ 'ਤੇ ਸੱਦੀ ਪ੍ਰੈੱਸ ਕਾਨਫ਼ਰੰਸ ਵਿਚ ਕਿਹਾ ਕਿ ਕਾਂਗਰਸੀ, ਭਾਜਪਾ ਅਤੇ ਅਕਾਲੀਆਂ ਵੱਲੋਂ ਲਗਾਏ ਜਾ ਰਹੇ ਦੋਸ਼ ਬੇਬੁਨਿਆਦ ਹਨ ਅਤੇ ਉਹ ਧਰਨੇ ਲਗਾ ਕੇ ਜਾਣਬੁੱਝ ਕੇ ਲੋਕਾਂ ਨੂੰ ਪ੍ਰੇਸ਼ਾਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਵਿਰੋਧੀ ਪਾਰਟੀਆਂ ਵੱਲੋਂ ਹਾਈਵੇਅ ਜਾਮ ਕਰਨ ਦੀ ਕਾਰਵਾਈ ਦੀ ਉਹ ਨਿੰਦਾ ਕਰਦੇ ਹਨ। ਉਨ੍ਹਾਂ ਕਿਹਾ ਕਿ ਜੇਕਰ ਰੋਸ ਪ੍ਰਗਟ ਕਰਨਾ ਹੈ ਤਾਂ ਐਸਡੀਐਮ ਦਫ਼ਤਰ ਦੇ ਬਾਹਰ ਵੀ ਕੀਤਾ ਜਾ ਸਕਦਾ ਹੈ।

ਪੰਚਾਇਤੀ ਚੋਣਾਂ 'ਚ ਧਾਂਦਲੀਆਂ ਜ਼ੋਰਾਂ 'ਤੇ: ਡਾ. ਧਰਮਵੀਰ ਗਾਂਧੀ

ਪਟਿਆਲਾ, 10 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ ਅੱਜ ਇੱਥੇ ਸੱਤਾਧਾਰੀ ਆਮ ਆਦਮੀ ਪਾਰਟੀ 'ਤੇ ਪੰਚਾਇਤੀ ਚੋਣਾਂ ਵਿੱਚ ਧਾਂਦਲੀਆਂ ਦੇ ਦੋਸ਼ ਲਾਉਂਦਿਆਂ ਪੰਜਾਬ ਰਾਜ ਚੋਣ ਅਧਿਕਾਰੀ ਅਤੇ ਭਾਰਤ ਦੇ ਚੋਣ ਕਮਿਸ਼ਨ ਤੋਂ ਜ਼ਿੰਮੇਵਾਰ ਅਧਿਕਾਰੀਆਂ ਅਤੇ ਸੱਤਾਧਾਰੀ ਧਿਰ ਖ਼ਿਲਾਫ਼ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇ ਅਜਿਹਾ ਨਾ ਹੋਇਆ ਤਾਂ ਕਾਂਗਰਸ ਵੱਲੋਂ ਅੰਦੋਲਨ ਸ਼ੁਰੂ ਕੀਤਾ ਜਾਵੇਗਾ। ਡਾ. ਗਾਂਧੀ ਇੱਥੇ ਆਪਣੇ ਸਾਥੀਆਂ ਸਾਬਕਾ ਵਿਧਾਇਕ ਮਦਨ ਲਾਲ ਜਲਾਲਪੁਰ, ਹਲਕਾ ਸਨੌਰ ਤੋਂ ਕਾਂਗਰਸ ਇੰਚਾਰਜ ਹਰਿੰਦਰਪਾਲ ਸਿੰਘ ਹੈਰੀਮਾਨ, ਦਿਹਾਤੀ ਪ੍ਰਧਾਨ ਹਰਵਿੰਦਰ ਸਿੰਘ ਖਨੌੜਾ, ਜ਼ਿਲ੍ਹਾ ਯੂਥ ਪ੍ਰਧਾਨ ਸੰਜੀਵ ਸ਼ਰਮਾ ਕਾਲੂ ਸਣੇ ਗੱਲ ਕਰ ਰਹੇ ਸਨ। ਡਾ. ਗਾਂਧੀ ਨੇ ਕਿਹਾ ਕਿ ਨਾਮਜ਼ਦਗੀਆਂ ਭਰਨ ਆਏ ਉਮੀਦਵਾਰਾਂ ਦੇ ਕਾਗ਼ਜ਼ ਪਾੜੇ ਜਾ ਰਹੇ ਹਨ ਅਤੇ ਬਿਨਾਂ ਕਾਰਨ ਹੀ ਵਿਰੋਧੀਆਂ ਦੇ ਕਾਗ਼ਜ਼ ਰੱਦ ਕਰਵਾਏ ਜਾ ਰਹੇ ਹਨ। ਡਰਾ-ਧਮਕਾ ਕੇ ਚੋਣ ਲੜਨ ਤੋਂ ਰੋਕਿਆ ਜਾ ਰਿਹਾ ਹੈ। ਇਹ ਲੋਕਤੰਤਰ ਦੀ ਹੱਤਿਆ ਹੈ। ਉਨ੍ਹਾਂ ਕਿਹਾ ਕਿ ਉਹ ਭੁਨਰਹੇੜੀ ਅਤੇ ਸਨੌਰ ਬਲਾਕ ਦੇ ਬੀਡੀਓ ਦਫ਼ਤਰ ਦਾ ਦੌਰਾ ਕਰਨ ਗਏ ਸਨ। ਉੱਥੇ ਸਿੱਧੇ ਤੌਰ 'ਤੇ ਵਿਰੋਧੀਆਂ ਨੂੰ ਦਬਾਇਆ ਜਾ ਰਿਹਾ ਹੈ। ਡਾ. ਗਾਂਧੀ ਨੇ ਚੋਣ ਕਮਿਸ਼ਨ ਤੋਂ ਮੰਗ ਕੀਤੀ ਕਿ ਜਾਂ ਤਾਂ ਲੋਕਤੰਤਰ ਦਾ ਘਾਣ ਕਰ ਰਹੀ ਚੋਣ ਪ੍ਰਕਿਰਿਆ ਨੂੰ ਰੱਦ ਕੀਤਾ ਜਾਵੇ ਜਾਂ ਜ਼ਿੰਮੇਵਾਰ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ। ਸਨੌਰ ਹਲਕੇ ਦੇ ਇੰਚਾਰਜ ਹੈਰੀਮਾਨ ਨੇ ਕਿਹਾ ਕਿ ਚੋਣ ਲੜਨ ਦੇ ਚਾਹਵਾਨਾਂ ਨੂੰ ਡਰਾਇਆ-ਧਮਕਾਇਆ ਜਾ ਰਿਹਾ ਹੈ ਅਤੇ ਚੋਣ ਲੜਨ ਤੋਂ ਵਾਂਝੇ ਕੀਤਾ ਜਾ ਰਿਹਾ ਹੈ। ਸਾਬਕਾ ਵਿਧਾਇਕ ਮਦਨ ਲਾਲ ਜਲਾਲਪੁਰ ਨੇ ਕਿਹਾ ਕਿ ਜ਼ਿੰਮੇਵਾਰ ਅਧਿਕਾਰੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

ਪਰਾਲੀ ਦੀ ਸਾਂਭ ਸੰਭਾਲ ਲਈ ਸਹਿਕਾਰੀ ਸਭਾਵਾਂ ਵੱਲੋਂ ਸਸਤੇ ਅਤੇ ਵਾਜਿਬ ਰੇਟਾਂ 'ਤੇ ਕਿਰਾਏ ਤੇ ਦਿੱਤੇ ਜਾ ਰਹੇ ਹਨ ਖੇਤੀਬਾੜੀ ਸੰਦ : ਉਪ ਰਜਿਸਟਰਾਰ ਸਹਿਕਾਰੀ ਸਭਾਵਾਂ

ਸ੍ਰੀ ਮੁਕਤਸਰ ਸਾਹਿਬ, 10 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਡਿਪਟੀ ਕਮਿਸ਼ਨਰ, ਸ੍ਰੀ ਰਾਜੇਸ਼ ਤ੍ਰਿਪਾਠੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪਰਾਲੀ ਦੀ ਰਹਿੰਦ ਖੂੰਹਦ ਨੂੰ ਸੰਭਾਲਣ ਲਈ ਖੇਤੀਬਾੜੀ ਦੇ ਸੰਦਾਂ ਨੂੰ ਸਹਿਕਾਰੀ ਸਭਾਵਾਂ ਵੱਲੋਂ ਸਸਤੇ ਅਤੇ ਵਾਜਿਬ ਰੇਟਾਂ 'ਤੇ ਕਿਸਾਨਾਂ ਨੂੰ ਕਿਰਾਏ 'ਤੇ ਦਿੱਤੇ ਜਾ ਰਹੇ ਹਨ, ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਉਪ ਰਜਿਸਟਰਾਰ ਸਹਿਕਾਰੀ ਸਭਾਵਾਂ, ਸ੍ਰੀ ਮੁਕਤਸਰ ਸਾਹਿਬ ਸ੍ਰੀ ਅਭੀਤੇਸ਼ ਸਿੰਘ ਸੰਧੂ ਵੱਲੋਂ ਕੀਤਾ ਗਿਆ।

ਉਪ ਰਜਿਸਟਰਾਰ ਸਹਿਕਾਰੀ ਸਭਾਵਾਂ, ਅਨੁਸਾਰ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿੱਚ ਕੰਮ ਕਰ ਰਹੀਆਂ 144 ਖੇਤੀਬਾੜੀ ਸਹਿਕਾਰੀ ਸਭਾਵਾਂ ਵਿੱਚ ਪਰਾਲੀ ਦੀ ਰਹਿੰਦ ਖੂੰਹਦ ਦੀ ਸਾਂਭ ਸੰਭਾਲ ਲਈ ਕੁੱਲ 445 ਖੇਤੀਬਾੜੀ ਸੰਦ ਮੌਜੂਦ ਹਨ, ਜਿਨ੍ਹਾਂ ਵਿੱਚ 77 ਹੈਪੀ ਸੀਡਰ, 106 ਜ਼ੀਰੋ ਟਿੱਲ ਡ੍ਰਿਲਾਂ, 87 ਸਰਫੇਸ ਸੀਡਰ, 55 ਰੋਟੇਵੇਟਰ, 37 ਉਲਟਾਂਵੇ ਹਲ, 42 ਰੋਟ੍ਰੀ ਸਲੈਸ਼ਰ, 13 ਸੁਪਰ ਸੀਡਰ, 19 ਪੈਡੀ ਮਲਚਰ, 3 ਚੌਪਰ ਅਤੇ 5 ਕਟਰ-ਕਮ-ਸਪ੍ਰੈਡਰ ਮੌਜੂਦ ਹਨ।

ਸਰਕਾਰ ਵੱਲੋਂ ਜਾਰੀ ਹਦਾਇਤਾਂ ਮੁਤਾਬਕ ਛੋਟੇ ਅਤੇ ਸੀਮਾਂਤ ਕਿਸਾਨਾਂ ਨੂੰ ਇਹ ਸੰਦ ਮੁਫਤ ਕਿਰਾਏ 'ਤੇ ਦਿੱਤੇ ਜਾਂਦੇ ਹਨ। ਸਾਲ 2023 ਵਿੱਚ ਇਹ ਸੰਦ ਪਰਾਲੀ ਦੀ ਰਹਿੰਦ ਖੂੰਹਦ ਦੀ ਸਾਂਭ ਸੰਭਾਲ ਲਈ ਛੋਟੇ ਅਤੇ ਸੀਮਾਂਤ ਕਿਸਾਨਾਂ ਨੂੰ ਕੁੱਲ 316 ਘੰਟੇ ਮੁਫਤ ਕਿਰਾਏ 'ਤੇ ਦਿੱਤੇ ਗਏ ਸਨ ਅਤੇ ਇਨਾਂ ਦੀ ਕੁੱਲ ਵਰਤੋਂ 950 ਘੰਟੇ ਰਹੀ।

ਇਨ੍ਹਾਂ ਸੰਦਾਂ ਨੂੰ ਕਿਰਾਏ 'ਤੇ ਲੈਣ ਲਈ ਕਿਸੇ ਵੀ ਕਿਸਾਨ ਵੱਲੋਂ ਸਬੰਧਤ ਖੇਤੀਬਾੜੀ ਸਹਿਕਾਰੀ ਸਭਾ ਦੇ ਸਕੱਤਰ ਨਾਲ ਤਾਲਮੇਲ ਕੀਤਾ ਜਾ ਸਕਦਾ ਹੈ। ਇਸ ਸਕੀਮ ਲਈ ਸਬ ਡਵੀਜਨ ਲੈਵਲ 'ਤੇ ਸਬੰਧਤ ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ ਨੂੰ ਬਤੌਰ ਨੋਡਲ ਅਫਸਰ ਨਿਯੁਕਤ ਕੀਤਾ ਗਿਆ ਹੈ। ਜੇਕਰ ਕਿਸੇ ਕਿਸਾਨ ਨੂੰ ਸਭਾ ਵਿੱਚੋਂ ਸੰਦ ਕਿਰਾਏ 'ਤੇ ਲੈਣ ਲਈ ਦਿੱਕਤ ਪੇਸ਼ ਆਉਂਦੀ ਹੈ ਤਾਂ ਸਬ-ਡਵੀਜਨ ਮਲੋਟ ਅਤੇ ਗਿੱਦੜਬਾਹਾ ਲਈ ਸ੍ਰੀ ਪਰੀਪੂਰਨ ਸਿੰਘ, ਸਹਾਇਕ ਰਜਿਸਟਰਾਰ, ਮੋਬ. ਨੰ. 99155-50008 ਅਤੇ ਸਬ-ਡਵੀਜਨ ਸ੍ਰੀ ਮੁਕਤਸਰ ਸਾਹਿਬ ਲਈ ਸ੍ਰੀ ਰਾਜਨ ਗੁਰਬਕਸ਼ ਰਾਏ, ਸਹਾਇਕ ਰਜਿਸਟਰਾਰ, ਮੋਬ. ਨੰ. 98153-49645 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਗਰੀਨ ਸਿਟੀ ਕਲੱਬ ਨੇ ਇਲੈਕਟਰੋਹੋਮਿਓਪੈਥੀਕ ਮੁਫਤ ਮੈਗਾ ਕੈਂਪ ਲਗਾਇਆ ਗਿਆ

ਗੋਨਿਆਣਾ ਮੰਡੀ , 10 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਗੋਨਿਆਣਾ ਮੰਡੀ ਦੀ ਨਾਮਵਰ ਸਮਾਜ ਭਲਾਈ ਸੰਸਥਾ ਗਰੀਨ ਸਿਟੀ ਕਲੱਬ ਜੋ ਕਿ ਸਮਾਜ ਭਲਾਈ ਦੇ ਕੰਮ ਕਰਨ ਵਿੱਚ ਮੋਹਰੀ ਰਹਿੰਦੀ ਹੈ ਵੱਲੋ ਇਲੈਕਟਰੋ ਹੋਮਿਓਪੈਥਿਕ ਕੈਂਪ ਲਗਾਇਆ ਗਿਆ

ਜਿਸ ਵਿੱਚ ਦੂਰ ਦੂਰ ਤੋਂ ਮਰੀਜਾਂ ਨੇ ਸ਼ਮੂਲੀਅਤ ਕੀਤੀ ਇਸ ਕੈਂਪ ਵਿੱਚ ਡਾਕਟਰ ਨਰੇਸ਼ ਭੰਡਾਰੀ ਦਾ ਵਿਸ਼ੇਸ਼ ਸਹਿਯੋਗ ਰਿਹਾ ਕੈਂਪ ਵਿੱਚ ਹਲਕਾ ਭੁੱਚੋ ਦੇ ਵਿਧਾਇਕ ਮਾਸਟਰ ਜਗਸੀਰ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਤੇ ਰਜਨੀਸ਼ ਰਾਜੂ ਬਲਾਕ ਪ੍ਰਧਾਨ ਆਮ ਆਦਮੀ ਪਾਰਟੀ ਕਸ਼ਮੀਰੀ ਲਾਲ ਜੀ ਗਰਗ ਪ੍ਰਧਾਨ ਨਗਰ ਕੌਂਸਲ ਗੋਨਿਆਣਾ, ਅਮਨ ਜਿੰਦਲ , ਸੁਰਜੀਤ ਸਿੰਘ ਕੌਂਸਲਰ ਉਹਨਾਂ ਦੇ ਨਾਲ ਸਨ ਇਸ ਕੈਂਪ ਵਿੱਚ ਡਾਕਟਰ ਜਗਤਾਰ ਸਿੰਘ ਸੋਖੋ ਐਮ ਡੀ , ਚੇਅਰਮੈਨ ਈ ਡੀ ਐਮ ਏ ਪੰਜਾਬ, ਡਾਕਟਰ ਜਗਮੋਹਨ ਸਿੰਘ

ਪ੍ਰਧਾਨ ਈ ਡੀ ਐਮ ਏ ਪੰਜਾਬ (ਧੂੜਕੋਟ) , ਡਾਕਟਰ ਜਸਵਿੰਦਰ ਸਿੰਘ ,ਡਾਕਟਰ ਨਰੇਸ਼ ਭੰਡਾਰੀ, ਡਾਕਟਰ ਸ਼ਿੰਦਰ ਸਿੰਘ ਕਲੇਰ , ਡਾਕਟਰ ਮਨਪ੍ਰੀਤ ਸਿੰਘ ਸਿੱਧੂ, ਡਾਕਟਰ ਐਸ ਕੇ ਕਟਾਰੀਆ, ਡਾਕਟਰ ਮਨਜੀਤ ਸਿੰਘ , ਡਾਕਟਰ ਪਰਮਿੰਦਰ ਪਾਠਕ , ਡਾਕਟਰ ਸੁਨੀਲ ਦੱਤ ਸ਼ਰਮਾ ਵੱਲੋਂ 250 ਦੇ ਕਰੀਬ ਮਰੀਜ਼ਾਂ ਦੀ ਨਬਜ ਦੇਖ ਕੇ ਬਿਮਾਰੀ ਦੀ ਪਹਿਚਾਣ ਕਰਕੇ ਮੁਫਤ ਦਵਾਈ ਦਿੱਤੀ ਗਈ ਇਸ ਕੈਂਪ ਦੌਰਾਨ ਕਲੱਬ ਦੇ ਅਹੁਦੇਦਾਰਾਂ ਤੇ ਮੈਂਬਰਾਂ ਵੱਲੋਂ ਡਾਕਟਰ ਨਰੇਸ਼ ਭੰਡਾਰੀ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਕੇਕ ਕੱਟਿਆ ਗਿਆ ਤੇ ਵਧਾਈਆਂ ਦਿੱਤੀਆਂ ਗਈਆਂ ਮਾਹਿਰ ਡਾਕਟਰਾਂ ਵੱਲੋਂ ਇਲੈਕਟਰੋ ਹੋਮਿਓਪੈਥਿਕ ਦੇ ਫਾਇਦਿਆਂ ਬਾਰੇ ਜਾਣਕਾਰੀ ਵੀ ਦਿੱਤੀ ਗਈ ਤੇ ਕੈਂਪ ਲਗਾਉਣ ਦੀ ਸ਼ਲਾਘਾ ਕੀਤੀ ਗਈ ਇਸ ਮੌਕੇ ਸੰਜੀਵ ਗਰੋਵਰ ਪ੍ਰਧਾਨ ਗਰੀਨ ਸਿਟੀ ਕਲੱਬ, ਡਾਕਟਰ ਅਮਰਜੀਤ ਸਿੰਘ , ਅਮਨ ਗੋਇਲ, ਅਮਨ ਗਰਗ, ਹਰਪਾਲ ਸਿੰਘ ਗਗਨ, ਸ਼ਾਮ ਲਾਲ ਬਾਂਸਲ, ਵਰਿੰਦਰ ਢੀਂਗੜਾ, ਵਿਨੋਦ ਕੁਮਾਰ, ਗਗਨਦੀਪ ਸਿੰਗਲਾ,ਤੋਂ ਇਲਾਵਾ ਕਲੱਬ ਮੈਂਬਰ ਹਾਜ਼ਰ ਸਨ

ਨਾੜ ਨੂੰ ਅੱਗ ਲਾਉਣ ਵਾਲਿਆਂ ਵਿਰੁੱਧ ਪ੍ਰਸ਼ਾਸਨ ਹੋਇਆ ਸਖ਼ਤ

ਗੁਰਦਾਸਪੁਰ, 10 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਵਾਤਾਵਰਣ ਨੈਸ਼ਨਲ ਗ੍ਰੀਨ ਟ੍ਰਿਬਊਨਲ ਵੱਲੋਂ ਫਸਲਾਂ ਦੀ ਰਹਿੰਦ-ਖੂੰਹਦ ਨੂੰ ਸਾੜਨ 'ਤੇ ਪਬੰਦੀ ਲਗਾਈ ਗਈ ਹੈ, ਜਿਸ ਦੇ ਚੱਲਦਿਆਂ ਜ਼ਿਲ੍ਹੇ ਵਿੱਚ ਗਠਿਤ ਵੱਖ ਵੱਖ ਟੀਮਾਂ ਵਲੋਂ ਸਖ਼ਤ ਨਜ਼ਰ ਰੱਖੀ ਜਾ ਰਹੀ ਹੈ।

ਜ਼ਿਲ੍ਹੇ ਵਿੱਚ ਹੁਣ ਤੱਕ,10 ਕਿਸਾਨਾਂ ਵੱਲੋਂ ਪਰਾਲੀ/ਨਾੜ ਨੂੰ ਅੱਗ ਲਗਾਈ ਗਈ, ਜਿਸ ਕਾਰਨ ਉਨ੍ਹਾਂ ਨੂੰ 25,000 ਰੁਪਏ ਦਾ ਵਾਤਾਵਰਨ ਮੁਆਵਜ਼ਾ ਵਸੂਲ ਕੇ, ਰੈਵੀਨਿਊ ਰਿਕਾਰਡ ਵਿੱਚ ਰੈੱਡ ਐਂਟਰੀ ਕੀਤੀ ਗਈ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸ੍ਰੀ ਉਮਾ ਸ਼ੰਕਰ ਗੁਪਤਾ, ਡਿਪਟੀ ਕਮਿਸ਼ਨਰ ਗੁਰਦਾਸਪੁਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬਲਾਕ ਫਤਿਹਗੜ੍ਹ ਚੂੜੀਆਂ ਦੇ ਪਿੰਡ ਅਲੀਵਾਲ ਜੱਟਾਂ,ਹਰਦੋਵਾਲ ਕਲਾ ? ਤੇ ਮਾਨਸੈਂਡ ਵਾਲ ਅਤੇ ਬਟਾਲਾ ਬਲਾਕ ਦੇ ਪਿੰਡ ਵੈਰੋਨੰਗਲ, ਸੰਦਲ, ਤਲਵੰਡੀ ਬਖ਼ਤਾਂ, ਦੋਲਤਪੁਰ ਦੇ ਤਿੰਨ ਕਿਸਾਨਾਂ

ਅਤੇ ਸਰਵਾਲੀ ਦੇ ਕਿਸਾਨ, ਕੁਲ 10 ਕਿਸਾਨਾਂ ਵੱਲੋਂ ਅੱਗ ਲਗਾਈ ਗਈ ਸੀ। ਜਿਸ ਲਈ 2500 ਰੁਪਏ ਦੇ ਹਿਸਾਬ ਨਾਲ 10 ਕਿਸਾਨਾਂ ਨੂੰ 25,000 ਰੁਪਏ ਵਾਤਾਵਰਨ ਮੁਆਵਜ਼ਾ ਵਸੂਲ ਕੇ, ਰੈਵਨਿਊ ਰਿਕਾਰਡ ਵਿੱਚ ਰੈੱਡ ਐਂਟਰੀਆਂ ਕੀਤੀਆਂ ਗਈਆਂ ਹਨ।

ਡਿਪਟੀ ਕਮਿਸ਼ਨਰ ਨੇ ਕਿਸਾਨ ਵੀਰਾਂ ਨੂੰ ਅਪੀਲ ਕੀਤੀ ਕਿ ਉਹ ਮਾਨਯੋਗ ਸੁਪਰੀਮ ਕੋਰਟ ਅਤੇ ਮਾਨਯੋਗ ਨੈਸ਼ਨਲ ਗਰੀਨ ਟ੍ਰਿਬਊਨਲ ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਫਸਲ ਦੀ ਰਹਿੰਦ-ਖੂੰਹਦ/ਪਰਾਲੀ/ਨਾੜ ਨੂੰ ਅੱਗ ਨਾ ਲਗਾਉਣ।

ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਰਾਲੀ ਦੀ ਸਾਂਭ-ਸੰਭਾਲ ਲਈ ਲੋੜੀਂਦੀ ਖੇਤੀ ਮਸ਼ੀਨਰੀ ਉਪਲਬਧ ਹੈ। ਸਹਿਕਾਰੀ ਸੁਸਾਇਟੀਆਂ ਤੇ ਪੰਚਾਇਤਾਂ ਕੋਲੋਂ ਖੇਤੀ ਮਸ਼ੀਨਰੀ ਮੌਜੂਦ ਹੈ। ਜੇਕਰ ਫਿਰ ਵੀ ਕਿਸੇ ਕਿਸਾਨ ਨੂੰ ਕੋਈ ਮੁਸ਼ਕਿਲ ਪੇਸ਼ ਆਉਂਦੀ ਹੈ, ਤਾਂ ਉਹ ਨੇੜਲੇ ਖੇਤੀਬਾੜੀ ਵਿਭਾਗ ਦੇ ਦਫ਼ਤਰ, ਐੱਸ.ਡੀ.ਐੱਮ. ਦਫ਼ਤਰ ਵਿਖੇ ਸੰਪਰਕ ਕਰ ਸਕਦੇ ਹਨ।

ਡਿਪਟੀ ਕਮਿਸ਼ਨਰ ਨੇ ਅੱਗੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਝੋਨੇ ਦੀ ਫ਼ਸਲ ਦੀ ਕਟਾਈ ਤੋਂ ਬਾਅਦ ਫ਼ਸਲ ਦੀ ਰਹਿੰਦ ਖੂੰਹਦ ਨੂੰ ਨਾ ਸਾੜਨ ਲਈ ਲਗਾਤਾਰ ਜਾਗਰੂਕਤਾ ਮੁਹਿਮ ਵਿੱਢੀ ਗਈ ਹੈ ਅਤੇ ਉਹ ਖੁਦ ਪਿੰਡਾਂ ਵਿੱਚ ਜਾ ਕੇ ਕਿਸਾਨਾ ਨੂੰ ਪਰਾਲੀ ਨਾ ਸਾੜਨ ਦੀ ਅਪੀਲ ਕਰ ਰਹੇ ਹਨ।

ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੇ ਸਮੂਹ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਜ਼ਿਲ੍ਹਾ ਪ੍ਰਸ਼ਾਸ਼ਨ ਨਾਲ ਸਹਿਯੋਗ ਕਰਨ ਅਤੇ ਪਰਾਲੀ/ਨਾੜ ਨੂੰ ਅੱਗ ਨਾ ਲਾਉਣ।

ਜ਼ਿਲ੍ਹੇ ਵਿੱਚ ਕੁੱਲ 429 ਗ੍ਰਾਮ ਪੰਚਾਇਤਾਂ

ਫ਼ਤਹਿਗੜ੍ਹ ਸਾਹਿਬ, 10 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਚਾਇਤੀ ਚੋਣਾਂ ਸਬੰਧੀ ਜ਼ਿਲ੍ਹੇ ਵਿੱਚ 429 ਪੰਚਾਇਤਾਂ ਬਾਬਤ ਨਾਮਜ਼ਦਗੀਆਂ ਭਰਨ ਦੇ ਆਖਰੀ ਦਿਨ ਮਿਤੀ 4 ਅਕਤੂਬਰ 2024 ਤੱਕ ਸਰਪੰਚਾਂ ਲਈ 1604 ਅਤੇ ਪੰਚਾਂ ਲਈ 4718 ਨਾਮਜ਼ਦਗੀਆਂ ਦਾਖ਼ਲ ਕੀਤੀਆਂ ਗਈਆਂ ਹਨ। ਇਹ ਜਾਣਕਾਰੀ ਸਾਂਝੀ ਕਰਦਿਆਂ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਦੱਸਿਆ ਕਿ ਬਲਾਕ ਸਰਹਿੰਦ ਵਿੱਚ ਪੰਚਾਇਤਾਂ ਦੀ ਗਿਣਤੀ 98, ਬਸੀ ਪਠਾਣਾਂ ਵਿੱਚ 78, ਅਮਲੋਹ ਵਿੱਚ 95, ਖਮਾਣੋਂ ਵਿੱਚ 72 ਅਤੇ ਬਲਾਕ ਖੇੜਾ ਵਿੱਚ 86 ਗ੍ਰਾਮ ਪੰਚਾਇਤਾਂ ਹਨ। 4 ਅਕਤੂਬਰ 2024 ਤੱਕ ਬਲਾਕ ਸਰਹਿੰਦ ਵਿੱਚ ਸਰਪੰਚਾਂ ਲਈ 387 ਅਤੇ ਪੰਚਾਂ ਲਈ 1215 ਨਾਮਜ਼ਦਗੀਆਂ ਦਾਖਲ ਕੀਤੀਆਂ ਗਈਆਂ ਹਨ। ਬੱਸੀ ਪਠਾਣਾਂ ਵਿੱਚ ਸਰਪੰਚਾਂ ਲਈ 256 ਅਤੇ ਪੰਚਾਂ ਲਈ 723, ਬਲ

ਤੇਜ਼ਾਬੀ ਮਾਦਾ ਹੈ ਤਾਂ ਅਪਣਾਓ ਇਹ ਨੁਸਖ਼ੇ

ਜ਼ਿਆਦਾਤਰ ਲੋਕ ਖਾਣਾ ਖਾਣ ਤੋਂ ਬਾਅਦ ਫੌਰੀ ਤੌਰ 'ਤੇ ਬਿਸਤਰ 'ਤੇ ਲੇਟ ਜਾਂਦੇ ਹਨ, ਜਿਸ ਕਾਰਨ ਖਾਣਾ ਠੀਕ ਤਰੀਕੇ ਨਾਲ ਨਹੀਂ ਪਚਦਾ ਅਤੇ ਇਸ ਨਾਲ ਕਈ ਤਰ੍ਹਾਂ ਦੀਆਂ ਪਰੇਸ਼ਾਨੀਆਂ ਪੈਦਾ ਹੋ ਜਾਂਦੀਆਂ ਹਨ। ਕਈ ਵਾਰ ਪੇਟ ਵਿਚ ਐਸਿਡ ਜਾਂ ਤੇਜ਼ਾਬ ਵਧੇਰੇ ਮਾਤਰਾ ਵਿਚ ਬਣਨਾ ਸ਼ੁਰੂ ਹੋ ਜਾਂਦਾ ਹੈ। ਤੇਜ਼ਾਬੀ ਮਾਦੇ (ਐਸਿਡਿਟੀ) ਕਾਰਨ ਪੈਪਟਿਕ ਅਲਸਰ ਵਰਗੀਆਂ ਪਾਚਣ ਪ੍ਰਣਾਲੀ ਸਬੰਧੀ ਕਈ ਬਿਮਾਰੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਤੇਜ਼ਾਬੀ ਮਾਦਾ ਬਣਨ ਦੇ ਕਈ ਕਾਰਨ ਹੋ ਸਕਦੇ ਹਨ।

ਕਾਰਨ

ਖਾਣ-ਪੀਣ ਦੇ ਸਹੀ ਢੰਗਾਂ ਦੇ ਨਾ ਹੋਣ ਕਾਰਨ ਵੀ ਮਿਹਦੇ ਵਿਚ ਤੇਜ਼ਾਬੀ ਮਾਦਾ ਵੱਧ ਸਕਦਾ ਹੈ। ਵਧੇਰੇ ਚਿਕਨਾਈ ਵਾਲੇ ਖਾਣੇ ਵੀ ਜਲਦੀ ਅਤੇ ਸਹੀ ਤਰੀਕੇ ਨਾਲ ਨਹੀਂ ਪਚਦੇ। ਇਹ ਭੋਜਨ ਪਦਾਰਥ ਵੀ ਤੇਜ਼ਾਬੀ ਮਾਦੇ ਦਾ ਕਾਰਨ ਬਣਦੇ ਹਨ। ਇਸ ਤੋਂ ਇਲਾਵਾ ਘੱਟ ਮਾਤਰਾ ਵਿਚ ਪਾਣੀ ਪੀਣਾ ਵੀ ਤੇਜ਼ਾਬੀ ਮਾਦਾ ਬਣਨ ਦਾ ਇਕ ਵੱਡਾ ਕਾਰਨ ਹੈ। ਮਸਾਲੇਦਾਰ ਅਤੇ ਜੰਕ ਫੂਡ ਵੀ ਤੇਜ਼ਾਬੀ ਮਾਦੇ ਅਤੇ ਪੇਟ ਸਬੰਧੀ ਦੂਸਰੇ ਰੋਗਾਂ ਦਾ ਵੱਡਾ ਕਾਰਨ ਹੈ। ਇਸ ਤੋਂ ਇਲਾਵਾ ਜ਼ਿਆਦਾ ਲੰਬੇ ਸਮੇਂ ਤਕ ਭੁੱਖੇ ਰਹਿਣ ਨਾਲ ਵੀ ਪੇਟ ਵਿਚ ਤੇਜ਼ਾਬ ਦੀ ਮਾਤਰਾ ਵੱਧ ਜਾਂਦੀ ਹੈ।

ਲੱਛਣ

ਤੇਜ਼ਾਬੀ ਮਾਦੇ ਦਾ ਪਤਾ ਆਮ ਤੌਰ 'ਤੇ ਮਿਹਦੇ ਅਤੇ ਭੋਜਨ ਵਾਲੀ ਨਾਲੀ 'ਚ ਜਲਨ ਹੋਣ ਤੋਂ ਪਤਾ ਲੱਗ ਜਾਂਦਾ ਹੈ। ਇਸ ਤੋਂ ਇਲਾਵਾ ਲਗਾਤਾਰ ਖੱਟੇ ਡਕਾਰਾਂ ਦਾ ਆਉਣਾ, ਭੁੱਖ ਘੱਟ ਲੱਗਣਾ ਅਤੇ ਉਲਟੀ ਆਉਣਾ ਵੀ ਤੇਜ਼ਾਬੀ ਮਾਦੇ ਦੇ ਵਧਣ ਦੀਆਂ ਨਿਸ਼ਾਨੀਆਂ ਹਨ।

ਇਲਾਜ

ਡਾਕਟਰੀ ਇਲਾਜ ਤੋਂ ਇਲਾਵਾ ਘਰੇਲੂ ਪੱਧਰ 'ਤੇ ਵੀ ਤੇਜ਼ਾਬੀ ਮਾਦੇ ਨੂੰ ਕੁਝ ਸਾਧਾਰਨ ਚੀਜ਼ਾਂ ਦੀ ਵਰਤੋਂ ਕਰ ਕੇ ਕਾਬੂ ਵਿਚ ਰੱਖਿਆ ਜਾ ਸਕਦਾ ਹੈ

ਇਲਾਇਚੀ

ਸੀਨੇ ਜਾਂ ਮਿਹਦੇ ਵਿਚ ਤੇਜ਼ਾਬ ਕਾਰਨ ਜਲਨ ਹੋਣ 'ਤੇ ਹਰੀ ਜਾਂ ਛੋਟੀ ਇਲਾਇਚੀ ਖਾਣ ਨਾਲ ਕਾਫ਼ੀ ਫ਼ਾਇਦਾ ਮਿਲਦਾ ਹੈ।

ਅਦਰਕ ਦਾ ਰਸ

ਅਦਰਕ ਸਾਡੀ ਪਾਚਣ ਸ਼ਕਤੀ ਵਿਚ ਵਾਧਾ ਕਰਦਾ ਹੈ। ਤੇਜ਼ਾਬੀ ਮਾਦਾ ਹੋਣ 'ਤੇ ਅਦਰਕ ਦੇ ਰਸ ਵਿਚ ਥੋੜ੍ਹਾ ਜਿਹਾ ਨਿੰਬੂ ਤੇ ਸ਼ਹਿਦ ਮਿਲਾ ਕੇ ਪੀਣ ਨਾਲ ਪੇਟ ਦੀ ਜਲਨ ਦੂਰ ਹੁੰਦੀ ਹੈ।

ਸੌਂਫ

ਸੌਂਫ ਨੂੰ ਆਯੁਰਵੇਦ ਵਿਚ ਬੇਹੱਦ ਗੁਣਕਾਰੀ ਮੰਨਿਆ ਜਾਂਦਾ ਹੈ। ਖਾਣਾ ਖਾਣ ਤੋਂ ਬਾਅਦ ਸੌਂਫ ਖਾਣ ਨਾਲ ਖਾਣਾ ਵਧੀਆ ਤਰੀਕੇ ਨਾਲ ਹਜ਼ਮ ਹੁੰਦਾ ਹੈ, ਜਿਸ ਕਾਰਨ ਮਿਹਦੇ ਵਿਚ ਤੇਜ਼ਾਬ ਵੀ ਨਹੀਂ ਬਣਦੇ। ਇਸ ਤੋਂ ਇਲਾਵਾ ਸੌਂਫ ਦੀ ਤਾਸੀਰ ਪਿਸ਼ਾਬ ਲਿਆਉਣੀ (ਡਾਈਯੂਰੈਟਿਕ) ਹੁੰਦੀ ਹੈ। ਇਸ ਲਈ ਸੌਂਫ ਤੇਜ਼ਾਬੀ ਮਾਦੇ ਤੇ ਹੋਰ ਜ਼ਹਿਰੀਲੇ ਮਾਦੇ ਨੂੰ ਪਿਸ਼ਾਬ ਜ਼ਰੀਏ ਸਰੀਰ ਵਿੱਚੋਂ ਖਾਰਜ ਕਰਨ 'ਚ ਮਦਦ ਕਰਦੀ ਹੈ।

ਚੰਦਨ

ਐਸਿਡਿਟੀ ਦੀ ਰੋਕਥਾਮ ਲਈ ਚੰਦਨ ਦਾ ਇਸਤੇਮਾਲ ਸਦੀਆਂ ਤੋਂ ਕੀਤਾ ਜਾ ਰਿਹਾ ਹੈ। ਪੇਟ ਗੈਸ ਜ਼ਿਆਦਾ ਬਣਦੀ ਹੋਵੇ ਤਾਂ ਚੰਦਨ ਦਾ ਸੇਵਨ ਕਰਨਾ ਚਾਹੀਦਾ ਹੈ। ਇਸ ਨਾਲ ਪੇਟ ਦੀ ਜਲਨ, ਕਬਜ਼ ਅਤੇ ਪੇਟ ਦੀਆਂ ਕਈ ਹੋਰ ਤਕਲੀਫ਼ਾਂ ਵੀ ਠੀਕ ਹੁੰਦੀਆਂ ਹਨ। ਤੁਸੀਂ ਇਨ੍ਹਾਂ ਸਾਰਿਆਂ ਨੁਸਖ਼ਿਆਂ ਨੂੰ ਅਪਨਾ ਸਕਦੇ ਹੋ। •

ਕਿਵੇਂ ਕਰੀਏ ਹਿਚਕੀ ਦੀ ਰੋਕਥਾਮ ?

ਛੋਟੇ ਬੱਚਿਆਂ ਨੂੰ ਅਕਸਰ ਹਿਚਕੀ ਆਉਂਦੀ ਰਹਿੰਦੀ ਹੈ। ਸਿਹਤ ਮਾਹਿਰਾਂ ਦਾ ਮੰਨਣਾ ਹੈ ਕਿ ਛੋਟੇ ਬੱਚੇ ਨੂੰ ਦਿਨ ਵਿਚ ਘੱਟੋ-ਘੱਟ ਦੋ ਵਾਰ ਹਲਕੀ ਹਿਚਕੀ ਜ਼ਰੂਰ ਲੱਗਣੀ ਚਾਹੀਦੀ ਹੈ। ਇਹ ਉਨ੍ਹਾਂ ਦੇ ਹਾਜ਼ਮੇ ਦੇ ਦਰੁਸਤ ਹੋਣ ਦੀ ਨਿਸ਼ਾਨੀ ਹੁੰਦੀ ਹੈ। ਕਈ ਵਾਰ ਵੱਡੀ ਉਮਰ ਦੇ ਵਿਅਕਤੀ ਨੂੰ ਹਚਕੀ ਲੱਗ ਜਾਂਦੀ ਹੈ। ਇਹ ਵੀ ਵੇਖਿਆ ਗਿਆ ਹੈ ਕਿ ਕਈ ਵਾਰ ਇਹ ਹਿਚਕੀ ਕਾਫ਼ੀ ਸਮੇਂ ਤਕ ਹਟਣ ਦਾ ਨਾਂ ਨਹੀਂ ਲੈਂਦੀ, ਜਿਸ ਨਾਲ ਵਿਅਕਤੀ ਪਰੇਸ਼ਾਨ ਹੋ ਜਾਂਦਾ ਹੈ। ਵੈਸੇ ਤਾਂ ਹਿਚਕੀ ਕਾਰਨ ਪਾਚਨ ਪ੍ਰਣਾਲੀ ਅਤੇ ਦਿਮਾਗ਼ੀ ਸਥਿਤੀ ਨਾਲ ਜੁੜੇ ਹੋਏ ਹੋ ਸਕਦੇ ਹਨ। ਅਜਿਹੀ ਹਾਲਤ ਵਿਚ ਤਾਂ ਡਾਕਟਰੀ ਇਲਾਜ ਹੀ ਮਦਦਗਾਰ ਹੁੰਦਾ ਹੈ ਪਰ ਆਮ ਹਿਚਕੀ ਲੱਗਣ 'ਤੇ ਇਸ ਨੂੰ ਕੁਝ ਘਰੇਲੂ ਨੁਸਖ਼ਿਆਂ ਨਾਲ ਹੀ ਠੀਕ ਕੀਤਾ ਜਾ ਸਕਦਾ ਹੈ।

ਨਮਕ ਵਾਲਾ ਪਾਣੀ

ਹਿਚਕੀ ਆਉਣ 'ਤੇ ਹੌਲੀ-ਹੌਲੀ ਸਾਹ ਲਵੋ ਤੇ ਪਾਣੀ 'ਚ ਥੋੜ੍ਹਾ ਜਿਹਾ ਨਮਕ ਮਿਲਾ ਥੋੜ੍ਹੀ ਜਿਹੀ ਮਾਤਰਾ ਵਿਚ ਪੀਵੋ। ਇਸ ਨਾਲ ਹਿਚਕੀ ਤੋਂ ਆਰਾਮ ਮਿਲੇਗਾ।

ਕਾਲੀ ਮਿਰਚ

ਹਿਚਕੀ ਲੱਗਣ 'ਤੇ ਥੋੜ੍ਹੀ ਜਿਹੀ ਮਿਸ਼ਰੀ ਅਤੇ ਦੋ ਕਾਲੀਆਂ ਮਿਰਚਾਂ ਮੂੰਹ ਵਿਚ ਪਾ ਲਵੋ ਤੇ ਇਸ ਦਾ ਰਸ ਚੂਸਦੇ ਰਹੋ। ਇਸ ਦੇ ਨਾਲ ਪਾਣੀ ਵੀ ਪੀ ਸਕਦੇ ਹੋ। ਇਸ ਤਰ੍ਹਾਂ ਕਰਨ ਨਾਲ ਹਿਚਕੀ ਬੰਦ ਹੋ ਜਾਵੇਗੀ।

ਚੌਕਲੇਟ ਪਾਊਡਰ

ਚੌਕਲੇਟ ਦਾ ਪਾਊਡਰ ਵੀ ਹਿਚਕੀ ਨੂੰ ਰੋਕਦਾ ਹੈ। ਹਿਚਕੀ ਆਉਣ 'ਤੇ ਅੱਧਾ ਚੱਮਚ ਚੌਕਲੇਟ ਦਾ ਪਾਊਡਰ ਖਾਣ ਨਾਲ ਹਿਚਕੀ ਤੋਂ ਆਰਾਮ ਮਿਲਦਾ ਹੈ। •

ਚੀਨੀ ਜਾਂ ਖੰਡ

ਚੀਨੀ ਹਰ ਰਸੋਈ ਵਿਚ ਇਸਤੇਮਾਲ ਹੁੰਦੀ ਹੈ। ਲਗਾਤਾਰ ਹਿਚਕੀ ਆ ਰਹੀ ਹੋਵੇ ਤਾਂ ਚੀਨੀ ਖਾਣ ਨਾਲ ਇਹ ਤੁਰੰਤ ਬੰਦ ਹ�و ਜਾਂਦੀ ਹੈ।

ਸੌਂਦੇ ਸਮੇਂ ਸਾਹ 'ਚ ਰੁਕਾਵਟ, ਹਾਈ ਬੀਪੀ ਨੂੰ ਸੱਦਾ

ਅਜੋਕੇ ਸਮੇਂ ਬਹੁਤ ਸਾਰੇ ਲੋਕਾਂ ਨੂੰ ਨੀਂਦ ਸਬੰਧੀ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ। ਸਾਹ ਸਹੀ ਤਰੀਕੇ ਨਾਲ ਨਾ ਲੈਣ ਕਾਰਨ ਸਰੀਰ 'ਚ ਆਕਸੀਜਨ ਦੀ ਮਾਤਰਾ ਘੱਟ ਜਾਂਦੀ ਹੈ। ਜਿਸ ਨਾਲ ਬਲੱਡ ਪ੍ਰੈਸ਼ਰ ਹਾਈ (ਹਾਈਪੋ ਟੈਂਸ਼ਨ) ਹੋ ਸਕਦਾ ਹੈ। ਬਲੱਡ ਪ੍ਰੈਸ਼ਰ ਦੇ ਹਾਈ ਹੋਣ ਦਾ ਸਬੰਧ ਪੇਟ ਨਾਲ ਵੀ ਹੈ। ਖਾਣ-ਪੀਣ ਦੀਆਂ ਖ਼ਰਾਬ ਆਦਤਾਂ ਤੇ ਪੂਰੀ ਨੀਂਦ ਨਾ ਆਉਣ ਨੀਂਦ ਸਬੰਧੀ ਕਈ ਪਰੇਸ਼ਾਨੀਆਂ ਦਾ ਕਾਰਨ ਬਣਦੇ ਹਨ। ਸਮੇਂ ਸਿਰ ਖਾਣ ਖਾਣ ਤੇ ਗੂੜ੍ਹੀ ਨੀਂਦ ਲੈਣੀ ਬੇਹੱਦ ਲਾਜ਼ਮੀ ਹੈ। ਸੌਣ ਵੇਲੇ ਧਿਆਨ ਰੱਖੋ ਕਿ ਸਿਰਹਾਣਾ ਜ਼ਿਆਦਾ ਮੋਟਾ ਨਹੀਂ ਹੋਣਾ ਚਾਹੀਦਾ, ਕਿਉਂਕਿ ਲੇਟਣ ਨਾਲ ਸਾਹ ਵਾਲੀ ਨਾਲੀ ਵੈਸੇ ਵੀ ਸੁੰਗੜ ਜਾਂਦੀ ਹੈ ਅਤੇ ਜੇ ਸਿਰਹਾਣਾ ਵੀ ਮੋਟਾ ਹੋਵੇ ਤਾਂ ਇਸ ਨਾਲ ਸਾਹ ਲੈਣ ਵਿਚ ਦਿੱਕਤ ਪੈਦਾ ਹੋ ਸਕਦੀ ਹੈ, ਜੋ ਸਰੀਰ ਵਿਚ ਆਕਸੀਜਨ ਦੀ ਘਾਟ ਦਾ ਕਾਰਨ ਬਣ ਸਕਦੀ ਹੈ ਤੇ ਇਸ ਦੇ ਨਾਲ ਹੀ ਬਲੱਡ ਪ੍ਰੈਸ਼ਰ ਦੇ ਵਧਣ ਦਾ ਵੀ। ਇਸ ਤੋਂ ਇਲਾਵਾ ਤਲੇ ਹੋਏ ਭੋਜਨ ਪਦਾਰਥ, ਫਾਸਟ ਫੂਡ ਖਾਣ ਤੋਂ ਵੀ ਪਰਹੇਜ਼ ਕਰਨਾ ਚਾਹੀਦਾ ਹੈ। ਇਹ ਭੋਜਨ ਪਦਾਰਥ ਮੋਟਾਪੇ ਅਤੇ ਬਲੱਡ ਪ੍ਰੈਸ਼ਰ 'ਚ ਵਾਧੇ ਦਾ ਕਾਰਨ ਬਣਦੇ ਹਨ। •

ਡਾ: ਅੰਮ੍ਰਿਤ ਅਦਲੱਖਾ
ਮੋਬਾਈਲ 98146-52030

ਇਕ ਖੋਜ ਮੁਤਾਬਕ ਕਲਕ ਦੀ ਵਰਤੋਂ ਨੇ ਵੀ ਬਹੁਤ ਸਾਰੀਆਂ ਬਿਮਾਰੀਆਂ 'ਚ ਵਾਧਾ ਕੀਤਾ ਹੈ। ਹਾਈਬ੍ਰਿਡ ਕਲਕ ਵਿਚ ਨੁਕਸਾਨਦੇਹ ਪ੍ਰੋਟੀਨ ਬਿਮਾਰੀਆਂ ਦਾ ਕਾਰਨ ਬਣਦੀ ਹੈ...

ਡਾ. ਅੰਮ੍ਰਿਤ ਅਦਲੱਖਾ

ਇਹ ਸਰੀਰ ਰੱਬ ਦੀ ਦੇਣ ਹੈ ਤੇ ਇਸ ਦੀ ਦੇਖਭਾਲ ਤੇ ਹਿਫਾਜ਼ਤ ਰੱਬ ਦੀ ਇਬਾਬਤ ਹੈ। ਇਹ ਤੁਹਾਡੇ ਹੱਥ ਹੈ ਕਿ ਜੋਬਨ ਰੁੱਤੇ ਮਰਨਾ ਹੈ ਜਾਂ ਸਰੀਰ ਦੀ ਸੰਭਾਲ ਨਾਲ ਲੰਬੀ ਜ਼ਿੰਦਗੀ ਜਿਊਣੀ ਹੈ। ਅਜੋਕੇ ਸਮੇਂ ਸ਼ੂਗਰ ਰੋਗ, ਹਾਰਟ ਅਟੈਕ, ਹਾਈ ਬਲੱਡ ਪ੍ਰੈਸ਼ਰ ਤੇ ਮੋਟਾਪਾ ਦਿਨੋ-ਦਿਨ ਵੱਧ ਰਹੇ ਹਨ। ਇਨ੍ਹਾਂ ਬਿਮਾਰੀਆਂ ਨੂੰ 'ਲਾਈਫ-ਸਟਾਈਲ ਬੀਮਾਰੀਆਂ' ਆਖਦੇ ਹਾਂ। ਇਹ ਬੀਮਾਰੀਆਂ ਸਾਡੇ ਜਿਊਣ ਦੇ ਅੰਦਾਜ਼ ਨਾਲ ਸਬੰਧਤ ਹਨ ਕਿਉਂਕਿ ਕਾਰਾਂ, ਸਕੂਟਰ, ਹਵਾਈ ਸਫ਼ਰ, ਆਰਾਮਦੇਹ ਰੇਲ ਗੱਡੀਆਂ, ਮੋਬਾਈਲ ਆਦਿ ਦੀ ਵਰਤੋਂ ਕਾਰਨ ਇਹ ਬਿਮਾਰੀਆਂ ਚੋਰ ਫੜ ਗਈਆਂ ਹਨ ਤੇ ਅਰਾਮਦਾਇਕ ਜੀਵਨ ਸ਼ੈਲੀ ਕਾਰਨ ਅਸੀਂ ਸਰੀਰ ਨੂੰ ਘੱਟ ਤੋਂ ਘੱਟ ਖੇਚਲ ਦੇਣ ਲੱਗ ਪਏ ਹਾਂ।

ਦੇਸ਼ ਬਣਿਆ ਸ਼ੂਗਰ ਰੋਗ ਦੀ ਰਾਜਧਾਨੀ

1970 ਦੇ ਦਹਾਕੇ ਤੋਂ ਪਹਿਲਾਂ ਲਾਈਫ-ਸਟਾਈਲ ਨਾਲ ਜੁੜੀਆਂ ਬਿਮਾਰੀਆਂ ਘੱਟ ਸਨ। ਖ਼ਾਸ ਤੌਰ 'ਤੇ ਡਾਇਬਟੀਜ਼ (ਸ਼ੂਗਰ) ਰੋਗ ਦਾ ਤਾਂ ਨਾਂ ਵੀ ਘੱਟ ਲੋਕ ਜਾਣਦੇ ਸਨ। ਹੁਣ ਹਰ ਦੂਜੇ-ਤੀਜੇ ਬੰਦੇ ਨੂੰ ਸ਼ੂਗਰ ਦੀ ਬਿਮਾਰੀ ਹੈ। ਪਹਿਲਾਂ ਕਿਸੇ ਕਿਸਾਨ ਨੂੰ ਸ਼ੂਗਰ ਰੋਗ ਹੋਣ ਬਾਰੇ ਸੋਚਿਆ ਵੀ ਨਹੀਂ ਸੀ ਜਾ ਸਕਦਾ ਪਰ ਟ੍ਰੈਕਟਰ ਤੇ ਕੰਬਾਈਨਾਂ ਦੀ ਵਰਤੋਂ ਨੇ ਕਿਸਾਨਾਂ ਦਾ ਜੀਵਨ ਸੌਖਾ ਕਰ ਦਿਤਾ ਹੈ ਤੇ ਸ਼ੂਗਰ ਰੋਗ ਨੇ ਪਿੰਡਾਂ 'ਚ ਵੀ ਜੜ੍ਹਾਂ ਫੜ ਲਈਆਂ ਹਨ। ਅੱਜ ਹਿੰਦੁਸਤਾਨ ਨੂੰ ਦੁਨੀਆ ਵਿਚ ਸ਼ੂਗਰ ਰੋਗ ਦੀ 'ਰਾਜਧਾਨੀ' ਆਖਿਆ ਜਾਣ ਲੱਗਾ ਹੈ।

ਗਲਾਈਸੀਮਿਕ ਇੰਡੈਕਸ 'ਚ ਵਿਗਾੜ

ਇਕ ਖੋਜ ਮੁਤਾਬਕ ਬਹੁਤ ਹੱਦ ਤਕ ਕਣਕ ਦੀ ਵਰਤੋਂ ਨੇ ਵੀ ਇਨ੍ਹਾਂ ਬਿਮਾਰੀਆਂ ਨੂੰ ਵਧਾਇਆ ਹੈ। ਜੋ ਕਣਕ ਅਸੀਂ ਖਾਂਦੇ ਹਾਂ, ਉਹ ਹਾਈਬ੍ਰਿਡ ਵੇਰਾਇਟੀ ਦੀ ਹੈ। ਜਿਸ ਦਾ ਬੂਟਾ ਨਿੱਕਾ ਤੇ ਦਾਣੇ ਮੋਟੇ ਤੇ ਜ਼ਿਆਦਾ ਹੁੰਦੇ ਹਨ। ਇਹ ਉਹ ਕਣਕ ਨਹੀਂ, ਜਿਹੜੇ ਸਾਡੇ ਵੱਡੇ-ਵਡੇਰੇ ਖਾਂਦੇ ਸਨ। ਅੱਜ ਦੀ ਕਣਕ ਵਿਚ ਨੁਕਸਾਨਦੇਹ ਪ੍ਰੋਟੀਨਜ਼ ਦਾ ਵਾਧਾ ਹੋ ਗਿਆ ਹੈ। ਇਸ ਕਣਕ ਦਾ ਗਲਾਈਸੀਮਿਕ ਇੰਡੈਕਸ ਵੀ 70-72 ਦੇ ਨੇੜੇ ਹੈ। ਕਿਸੇ ਵੀ ਖਾਣ ਵਾਲੀ ਵਸਤੂ ਤੋਂ ਬਾਅਦ ਸ਼ੂਗਰ 'ਚ ਕਿੰਨਾ ਵਾਧਾ ਹੁੰਦਾ ਹੈ, ਉਸ ਨੂੰ ਗਲਾਈਸੀਮਿਕ ਇੰਡੈਕਸ ਆਖਦੇ ਹਨ, ਜੋ 0 ਤੋਂ 100 ਦੇ ਸਕੇਲ 'ਤੇ ਨਾਪਿਆ ਜਾਂਦਾ ਹੈ। ਕਣਕ ਦੀ ਵਰਤੋਂ ਨਾਲ ਖ਼ੂਨ 'ਚ ਸ਼ੂਗਰ ਦੀ ਮਾਤਰਾ ਇਕਦਮ ਵਧਾ ਦਿੰਦੀ ਹੈ। ਕਣਕ 'ਚ ਨੁਕਸਾਨ ਦੇਣ ਵਾਲੀ ਪ੍ਰੋਟੀਨ ਦੇ ਕਣ ਬਹੁਤ ਜ਼ਿਆਦਾ ਹਨ। ਨੁਕਸਾਨ ਦੇਣ ਵਾਲੀਆਂ ਪ੍ਰੋਟੀਨਜ਼ ਦਾ ਵੇਰਵਾ ਇਸ ਤਰ੍ਹਾਂ ਹੈ :

ਅਮਾਈਲੋਪੈਕਟਿਨ-ਏ

ਕਣਕ 'ਚ ਪਾਇਆ ਜਾਣ ਵਾਲਾ ਇਹ ਉਹ ਰਸਾਇਣ ਹੈ, ਜਿਸ ਕਰਕੇ ਸਰੀਰ 'ਚ ਮਾੜੀ ਕੋਲੈਸਟਰੋਲ (ਐੱਲਡੀਐੱਲ) ਦੇ ਕਣਾਂ ਦਾ ਵਾਧਾ ਹੋ ਜਾਂਦਾ ਹੈ ਤੇ ਕਣਕ ਖਾਂਦਿਆਂ ਹੀ ਐੱਲਡੀਐੱਲ ਦੇ ਕਣਾਂ ਦੀ ਸਰੀਰ 'ਚ ਵਾਛੜ ਜਿਹੀ ਹੋ ਜਾਂਦੀ ਹੈ, ਜੋ ਹਾਰਟ ਅਟੈਕ 'ਚ ਵਾਧਾ ਕਰਦੀ ਹੈ।

ਗਲਾਈਡੀਨ

ਇਹ ਕਣਕ 'ਚ ਪਾਈ ਜਾਣ ਵਾਲੀ ਇਕ ਪ੍ਰੋਟੀਨ ਹੈ, ਜਿਸ ਦੀ ਮਾਤਰਾ ਹਾਈਬ੍ਰਿਡ ਕਣਕ 'ਚ ਬਹੁਤ ਵੱਧ ਹੁੰਦੀ ਹੈ। ਇਸ ਨੂੰ ਖਾਣ ਨਾਲ ਅਫ਼ੀਮ ਵਰਗਾ ਨਸ਼ਾ ਲੱਗ ਜਾਂਦਾ ਹੈ ਤੇ ਬੰਦਾ ਕਣਕ ਖਾਣ ਦਾ ਆਦੀ ਹੋ ਜਾਂਦਾ ਹੈ ਤੇ ਸਵਾਦ-ਸਵਾਦ 'ਚ ਵੱਧ ਰੋਟੀ ਖਾਂਦਾ ਹੈ। ਗਲਾਈਡੀਨ ਕਾਰਨ 30 ਫ਼ੀਸਦੀ ਜ਼ਿਆਦਾ ਰੋਟੀ ਖਾਧੀ ਜਾਂਦੀ ਹੈ, ਜੋ ਬਿਮਾਰੀਆਂ 'ਚ ਵਾਧੇ ਦਾ ਕਾਰਨ ਬਣਦੀ ਹੈ। ਮਸ਼ਹੂਰ ਹਾਰਟ ਮਾਹਿਰ ਵਿਲੀਅਮ ਡੇਵਿਸ ਨੇ ਖੁਲਾਸਾ ਕੀਤਾ ਹੈ ਕਿ ਜਦੋਂ ਉਸ ਦੇ ਮਰੀਜ਼ਾਂ ਨੇ 3 ਤੋਂ 6 ਮਹੀਨੇ ਕਣਕ ਜਾਂ ਕਣਕ ਵਾਲੀਆਂ ਵਸਤਾਂ, ਡਬਲ ਰੋਟੀ, ਬਿਸਕੁਟ, ਕੇਕ ਆਦਿ ਦੀ ਵਰਤੋਂ ਬੰਦ ਕਰ ਦਿੱਤੀ ਤਾਂ ਵੇਖਿਆ ਗਿਆ ਕਿ ਉਨ੍ਹਾਂ ਦਾ ਸ਼ੂਗਰ ਲੈਵਲ ਆਪਣੇ ਆਪ ਬਹੁਤ ਥੱਲੇ ਆ ਗਿਆ, ਮੋਟਾਪਾ ਘੱਟ ਗਿਆ। ਕੁਝ ਮਰੀਜ਼ਾਂ ਨੇ ਦੱਸਿਆ ਕਿ ਉਨ੍ਹਾਂ ਦੀ ਦਮੇ ਦੀ ਜਾਂ ਮਾਈਗਰੇਨ ਵਰਗੀ ਸਿਰਦਰਦ ਗ਼ਾਇਬ ਹੋ ਗਈ ਹੈ। ਕਈਆਂ ਦਾ ਤੇਜ਼ਾਬੀ ਮਾਦਾ ਖ਼ਤਮ ਹੋ ਗਿਆ। ਜੋੜਾਂ ਦੀਆਂ ਦਰਦਾਂ ਦੂਰ ਹੋ ਗਈਆਂ ਤੇ ਚੰਗੀ ਨੀਂਦ ਵੀ ਆਉਣ ਲੱਗੀ। ਸਵਾਲ ਇਹ ਖੜ੍ਹਾ ਹੁੰਦਾ ਹੈ ਕਿ ਕਣਕ ਤੋਂ ਬਣੀਆਂ ਚੀਜ਼ਾਂ ਨੂੰ ਛੱਡਣ ਮਗਰੋਂ ਕੀ ਖਾਧਾ ਜਾਵੇ? ਜਵਾਬ ਹੈ- ਵੇਸਣ ਦੀ ਮਿੱਸੀ ਰੋਟੀ, ਜਵਾਰ ਜਾਂ ਬਾਜਰੇ ਦੀ ਰੋਟੀ ਤੇ ਰਾਗੀ ਆਟੇ ਦਾ ਇਸਤੇਮਾਲ ਕਣਕ ਦੀ ਥਾਂ ਕੀਤਾ ਜਾ ਸਕਦਾ ਹੈ। ਇਨ੍ਹਾਂ ਵਸਤਾਂ ਦਾ ਗਲਾਈਸੀਮਿਕ ਇੰਡੈਕਸ ਬਹੁਤ ਘੱਟ ਹੈ ਤੇ ਇਨ੍ਹਾਂ ਨਾਲ ਸ਼ੂਗਰ ਤੇ ਦਿਲ ਦੀਆਂ ਬਿਮਾਰੀਆਂ ਨੂੰ ਠੱਲ੍ਹ ਪੈ ਸਕਦੀ ਹੈ। ਅਨਾਜ ਤੋਂ ਇਲਾਵਾ ਫਲ, ਸਬਜ਼ੀਆਂ, ਪਨੀਰ, ਆਂਡੇ, ਮੱਛੀ ਤੇ ਮੀਟ ਦੀ ਵਰਤੋਂ ਕੀਤੀ ਜਾ ਸਕਦੀ ਹੈ।

ਕਣਕ ਦੀ ਵਰਤੋਂ 3-4 ਮਹੀਨੇ ਛੱਡ ਕੇ ਵੇਖੋ, ਜੀਵਨ 'ਚ ਨਵਾਂ ਰੰਗ ਆ ਜਾਵੇਗਾ। ਬਿਮਾਰੀਆਂ ਦੂਰ ਭੱਜਣੀਆਂ ਸ਼ੁਰੂ ਹੋ ਜਾਣਗੀਆਂ। ਸ਼ੁਰੂ-ਸ਼ੁਰੂ 'ਚ ਜੇ ਕਣਕ ਛੱਡਣੀ ਔਖੀ ਲੱਗੇ ਤਾਂ ਕਣਕ ਦੇ ਆਟੇ ਵਿਚ ਉੱਪਰ ਦੱਸੇ ਅਨਾਜਾਂ ਦਾ ਆਟਾ ਮਿਲਾ ਕੇ ਖਾਓ, ਤਦ ਵੀ ਬਹੁਤ ਲਾਭ ਹੋਵੇਗਾ। •

ਪ੍ਰੋਟੀਨ

ਡਾਕਟਰਾਂ ਨੂੰ ਪਤਾ ਹੁੰਦਾ ਹੈ ਕਿ ਮਰੀਜ਼ ਨੂੰ ਕਿਸ ਚੀਜ਼ ਤੋਂ ਐਲਰਜੀ ਹੁੰਦੀ ਹੈ। ਅੰਤੜੀਆਂ ਦਾ ਰੋਗ, ਜਿਸ ਨੂੰ 'ਅਲਸਰੇਟਿਵ ਕੋਲਾਇਟਸ' ਕਿਹਾ ਜਾਂਦਾ ਹੈ। ਇਹ ਬੜੀ ਡਿਅੰਕਰ ਤੇ ਜਾਨਲੇਵਾ ਬਿਮਾਰੀ ਹੈ। ਐਲਰਜੀ ਕਿਸੇ ਵਿਅਕਤੀ ਨੂੰ ਨਾ ਵੀ ਹੋਵੇ ਤਦ ਵੀ ਇਹ ਪ੍ਰੋਟੀਨ ਬੜੀ ਮੁਸ਼ਕਿਲ ਨਾਲ ਹਜ਼ਮ ਹੁੰਦੀ ਹੈ ਅਤੇ ਅੰਤੜੀਆਂ ਵਾਸਤੇ ਠੀਕ ਨਹੀਂ। ਪੇਟ ਵਿਚ ਗੈਸ ਦਾ ਬਣਨਾ, ਕਬਜ਼ ਜਾਂ ਦਸਤ ਲੱਗੇ ਰਹਿਣਾ ਤੇ ਤੇਜ਼ਾਬੀ ਡਕਾਰਾਂ ਵਿਚ ਵੀ ਪ੍ਰੋਟੀਨ ਦੀ ਵੱਡੀ ਭੂਮਿਕਾ ਹੁੰਦੀ ਹੈ।

ਮੁਰੱਬੇ 'ਚ ਲੁਕੇ

ਕਾਂਗਰਸ ਹਿੰਦੂ ਸਮਾਜ ਵਿੱਚ ਅੱਗ ਲਾ ਕੇ ਰੱਖਣਾ ਚਾਹੁੰਦੀ ਹੈ, ਹਰੇਕ ਚੋਣ ਵਿੱਚ ਇਸੇ ਫਾਰਮੂਲੇ ਨੂੰ ਲਾਗੂ ਕਰਦੀ ਹੈ: ਮੋਦੀ

ਨਵੀਂ ਦਿੱਲੀ, 10 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਕਿਹਾ ਕਿ ਮੁਸਲਮਾਨਾਂ ਦੀ ਜਾਤੀ ਦੀ ਗੱਲ ਆਉਂਦੇ ਹੀ ਕਾਂਗਰਸ ਦੇ ਮੂੰਹ 'ਤੇ ਤਾਲਾ ਲੱਗ ਜਾਂਦਾ ਹੈ ਪਰ ਹਿੰਦੂ ਸਮਾਜ ਦੀ ਗੱਲ ਆਉਂਦੇ ਹੀ ਉਹ ਚਰਚਾ ਜਾਤੀ ਤੋਂ ਹੀ ਸ਼ੁਰੂ ਕਰਦੀ ਹੈ ਕਿਉਂਕਿ ਉਹ ਜਾਣਦੀ ਹੈ ਕਿ ਹਿੰਦੂ ਜਿੰਨਾ ਵੰਡਿਆ ਜਾਵੇਗਾ, ਓਨਾ ਹੀ ਕਾਂਗਰਸ ਦਾ ਫਾਇਦਾ ਹੋਵੇਗਾ। ਉਨ੍ਹਾਂ ਮਹਾਰਾਸ਼ਟਰ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਕਾਂਗਰਸ ਤੇ ਸ਼ਹਿਰੀ ਨਕਸਲੀਆਂ ਦੀਆਂ ਨਫ਼ਰਤੀ ਸਾਜ਼ਿਸ਼ਾਂ ਨੂੰ ਨਾਕਾਮ ਕਰਨ ਲਈ ਸੂਬੇ ਦੀ ਜਨਤਾ ਵੀ ਹਰਿਆਣਾ ਵਾਲੇ ਰਾਹ 'ਤੇ ਤੁਰੇ।

ਪ੍ਰਧਾਨ ਮੰਤਰੀ ਨੇ ਦੋਸ਼ ਲਾਇਆ ਕਿ ਕਾਂਗਰਸ ਕਿਸੇ ਵੀ ਤਰ੍ਹਾਂ ਤੋਂ ਹਿੰਦੂ ਸਮਾਜ ਵਿੱਚ ਅੱਗ ਲਾ ਕੇ ਰੱਖਣਾ ਚਾਹੁੰਦੀ ਹੈ ਅਤੇ ਭਾਰਤ ਵਿੱਚ ਜਿੱਥੇ ਵੀ ਚੋਣਾਂ ਹੁੰਦੀਆਂ ਹਨ ਉਹ ਇਸੇ ਫਾਰਮੂਲੇ ਨੂੰ ਲਾਗੂ ਕਰਦੀ ਹੈ। ਮਹਾਰਾਸ਼ਟਰ ਵਿੱਚ 7600 ਕਰੋੜ ਰੁਪਏ ਤੋਂ ਵੱਧ ਦੇ ਵੱਖ ਵੱਖ ਵਿਕਾਸ ਪ੍ਰਾਜੈਕਟਾਂ ਦੇ ਵੀਡੀਓ ਕਾਨਫਰੰਸਿੰਗ ਰਾਹੀਂ ਨੀਂਹ ਪੱਥਰ ਰੱਖਣ ਤੋਂ ਬਾਅਦ ਆਪਣੇ ਸੰਬੋਧਨ ਵਿੱਚ ਮੋਦੀ ਨੇ ਭਰੋਸਾ ਪ੍ਰਗਟਾਇਆ ਕਿ ਸਮਾਜ ਨੂੰ ਤੋੜਨ ਦੀ ਇਸ ਕੋਸ਼ਿਸ਼ ਨੂੰ ਸੂਬੇ ਦੀ ਜਨਤਾ ਨਾਕਾਮ ਕਰੇਗੀ। ਉਨ੍ਹਾਂ ਇਸ ਸਰਕਾਰੀ ਪ੍ਰੋਗਰਾਮ ਵਿੱਚ ਮਹਾਰਾਸ਼ਟਰ ਦੇ ਲੋਕਾਂ ਨੂੰ ਦੇਸ਼ ਦੇ ਵਿਕਾਸ ਨੂੰ ਸਭ ਤੋਂ ਉੱਪਰ ਰੱਖਦੇ ਹੋਏ ਅਤੇ ਇਕਜੁੱਟ ਹੋ ਕੇ ਭਾਜਪਾ ਅਤੇ ਉਸ ਦੇ ਗੱਠਜੋੜ ਮਹਾਯੂਤੀ ਦੇ ਪੱਖ ਵਿੱਚ ਵੋਟ ਪਾਉਣ

ਦੀ ਅਪੀਲ ਕੀਤੀ। ਹਰਿਆਣਾ ਦੇ ਚੋਣ ਨਤੀਜਿਆਂ ਦਾ ਜ਼ਿਕਰ ਕਰਦੇ ਹੋਏ ਮੋਦੀ ਨੇ ਕਿਹਾ ਕਿ ਇਨ੍ਹਾਂ ਨਤੀਜਿਆਂ ਨੇ ਦੱਸ ਦਿੱਤਾ ਹੈ ਕਿ ਅੱਜ ਦੇਸ਼ ਦਾ ਮਿਜ਼ਾਜ ਕੀ ਹੈ। ਉਨ੍ਹਾਂ ਕਿਹਾ, "ਕਾਂਗਰਸ ਦਾ ਪੂਰਾ ਈਕੋਸਿਸਟਮ, ਅਰਬਨ ਨਕਸਲ ਦਾ ਪੂਰਾ ਗਰੋਹ .ਜਨਤਾ ਨੂੰ ਗੁੰਮਰਾਹ ਕਰਨ ਵਿੱਚ ਲੱਗਿਆ ਸੀ ਪਰ ਉਸ ਦੀਆਂ ਸਾਰੀਆਂ ਸਾਜ਼ਿਸ਼ਾਂ ਨਾਕਾਮ ਹੋ ਗਈਆਂ। ਉਨ੍ਹਾਂ ਦਲਿਤਾਂ ਵਿਚਾਲੇ ਝੂਠ ਫੈਲਾਉਣ ਦੀ ਕੋਸ਼ਿਸ਼ ਕੀਤੀ ਪਰ ਦਲਿਤ ਸਮਾਜ ਨੇ ਉਨ੍ਹਾਂ ਦੇ ਖ਼ਤਰਨਾਕ ਇਰਾਦਿਆਂ ਨੂੰ ਭਾਂਪ ਲਿਆ।

ਦਲਿਤਾਂ ਨੂੰ ਅਹਿਸਾਸ ਹੋ ਗਿਆ ਕਿ ਕਾਂਗਰਸ ਉਨ੍ਹਾਂ ਦਾ ਰਾਖਵਾਂਕਰਨ ਖੋਹ ਕੇ ਆਪਣੇ ਵੋਟ ਬੈਂਕ ਨੂੰ ਵੰਡਣਾ ਚਾਹੁੰਦੀ ਹੈ।" ਉਨ੍ਹਾਂ ਕਿਹਾ ਕਿ ਹਰਿਆਣਾ ਦੇ ਦਲਿਤ ਵਰਗ ਨੇ ਭਾਜਪਾ ਦਾ ਰਿਕਾਰਡ ਸਮਰਥਨ ਕੀਤਾ ਤਾਂ ਹੋਰ ਪੱਛੜਾ ਵਰਗ ਨੇ ਵੀ ਭਰੋਸਾ ਪ੍ਰਗਟਾਇਆ। ਉਨ੍ਹਾਂ ਕਿਹਾ, "ਕਾਂਗਰਸ ਦੀ ਨੀਤੀ ਹੈ, ਹਿੰਦੂਆਂ ਦੀ ਇਕ ਜਾਤੀ ਨੂੰ ਦੂਜੀ ਜਾਤੀ ਨਾਲ ਲੜਾਓ।" ਉੱਧਰ, ਕਾਂਗਰਸ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹਮਲੇ ਨੂੰ ਲੈ ਕੇ ਉਨ੍ਹਾਂ 'ਤੇ ਮੋੜਵਾਂ ਹਮਲਾ ਕੀਤਾ ਅਤੇ ਦੋਸ਼ ਲਗਾਇਆ ਕਿ ਉਹ ਸਿਆਸੀ ਭਾਸ਼ਣ ਤੇ ਵਿਰੋਧੀ ਧਿਰ 'ਤੇ ਹਮਲਾ ਕਰਨ ਵਾਸਤੇ ਸਰਕਾਰੀ ਪ੍ਰੋਗਰਾਮ ਦਾ ਇਸਤੇਮਾਲ ਕਰਦੇ ਹਨ ਜਦਕਿ ਇਸ ਲਈ ਉਹ ਭਾਜਪਾ ਦਾ ਪਲੈਟਫਾਰਮ ਦਾ ਇਸਤੇਮਾਲ ਕਰ ਸਕਦੇ ਹਨ। ਪਾਰਟੀ ਦੇ ਮੀਡੀਆ ਵਿੰਗ ਦੇ ਮੁਖੀ ਪਵਨ ਖੇੜਾ ਨੇ ਇਹ ਵੀ ਕਿਹਾ ਕਿ ਕਰਦਾਤਾਵਾਂ ਦੇ ਪੈਸੇ ਦਾ ਇਸਤੇਮਾਲ ਸਿਆਸੀ ਭਾਸ਼ਣ ਦੇਣ ਲਈ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਕਰਨਾ ਚਾਹੀਦਾ ਹੈ।

ਪੰਜਾਬ ਨੂੰ ਮਿਲਿਆ ਨਵਾਂ ਮੁੱਖ ਸਕੱਤਰ; ਕੇਏਪੀ ਸਿਨਹਾ ਨੇ ਅਨੁਰਾਗ ਵਰਮਾ ਦੀ ਥਾਂ ਲਈ

ਚੰਡੀਗੜ੍ਹ, 10 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਨੇ ਬੁੱਧਵਾਰ ਨੂੰ ਸੂਬੇ ਦੇ ਮੁੱਖ ਸਕੱਤਰ ਅਨੁਰਾਗ ਵਰਮਾ ਨੂੰ ਬਦਲ ਕੇ ਉਨ੍ਹਾਂ ਦੀ ਥਾਂ 1992 ਬੈਚ ਦੇ ਆਈਏਐਸ ਅਧਿਕਾਰੀ ਕੇਏਪੀ ਸਿਨਹਾ ਨੂੰ ਨਿਯੁਕਤ ਕੀਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਦੇ ਦਫ਼ਤਰ ਵਿੱਚ ਆਮ ਆਦਮੀ ਪਾਰਟੀ ਹਾਈਕਮਾਂਡ ਦੇ ਇਸ਼ਾਰੇ 'ਤੇ ਕੀਤੀਆਂ ਜਾ ਰਹੀਆਂ ਹੋਰ ਤਬਦੀਲੀਆਂ ਦੇ ਮੱਦੇਨਜ਼ਰ ਸਿਖਰਲੇ ਪੱਧਰ 'ਤੇ ਇਹ ਤਬਦੀਲੀ ਕੀਤੀ ਗਈ ਹੈ। ਮੁੱਖ ਮੰਤਰੀ ਦੇ ਚਾਰ ਸਹਿਯੋਗੀਆਂ ਨੂੰ ਪਹਿਲਾਂ ਹੀ ਅਸਤੀਫਾ ਦੇਣ/ਜਮ੍ਹਾਂ ਕਰਨ ਲਈ ਕਿਹਾ ਜਾ ਚੁੱਕਾ ਹੈ। ਹਾਲਾਂਕਿ, ਸੂਬੇ ਉੱਚ ਪ੍ਰਸ਼ਾਸਨਿਕ ਅਹੁਦੇ 'ਤੇ ਤਬਦੀਲੀ ਦਾ ਕੋਈ ਫੌਰੀ ਕਾਰਨ ਨਹੀਂ

ਦੱਸਿਆ ਗਿਆ ਹੈ, ਪਰ ਸੂਤਰਾਂ ਦਾ ਕਹਿਣਾ ਹੈ ਕਿ ਪਾਰਟੀ ਹਾਈਕਮਾਂਡ ਸਰਕਾਰੀ ਸਕੀਮਾਂ ਨੂੰ ਲਾਗੂ ਕਰਨ ਅਤੇ ਫੈਸਲਿਆਂ ਵਿੱਚ ਦੇਰ ਹੋਣ ਤੋਂ ਖੁਸ਼ ਨਹੀਂ ਹੈ। ਪਿਛਲੇ ਹਫ਼ਤੇ ਮੁੱਖ ਸਕੱਤਰ ਵਰਮਾ ਨੂੰ ਕਥਿਤ ਤੌਰ 'ਤੇ ਪਾਰਟੀ ਦੇ ਉੱਚ ਅਧਿਕਾਰੀਆਂ ਨਾਲ ਮੀਟਿੰਗ ਲਈ ਦਿੱਲੀ ਸੱਦਿਆ ਗਿਆ ਸੀ। ਪਿਛਲੇ ਢਾਈ ਸਾਲਾਂ ਵਿੱਚ ਜਦੋਂ ਤੋਂ ਪੰਜਾਬ ਵਿੱਚ 'ਆਪ' ਸਰਕਾਰ ਨੇ ਸੱਤਾ ਸੰਭਾਲੀ ਹੈ, ਸਿਨਹਾ ਪੰਜਾਬ ਦੇ ਚੌਥੇ ਮੁੱਖ ਸਕੱਤਰ ਹਨ।

ਦੋ ਆਜ਼ਾਦ ਵਿਧਾਇਕਾਂ ਨੇ ਵੀ ਭਾਜਪਾ ਨੂੰ ਦਿੱਤਾ ਸਮਰਥਨ

ਚੰਡੀਗੜ੍ਹ, 10 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਵਿਧਾਨ ਸਭਾ ਦੇ ਕੱਲ੍ਹ ਆਏ ਨਤੀਜਿਆਂ ਵਿੱਚ ਆਜ਼ਾਦ ਜਿੱਤਣ ਵਾਲੇ ਤਿੰਨ 'ਚੋਂ ਦੋ ਵਿਧਾਇਕਾਂ ਨੇ ਭਾਰਤੀ ਜਨਤਾ ਪਾਰਟੀ ਨੂੰ ਸਮਰਥਨ ਦੇਣ ਦਾ ਐਲਾਨ ਕਰ ਦਿੱਤਾ ਹੈ। ਇਸ ਤਰ੍ਹਾਂ ਹੁਣ ਭਾਜਪਾ ਕੋਲ 50 ਵਿਧਾਇਕਾਂ ਦਾ ਸਮਰਥਨ ਹੋ ਗਿਆ ਹੈ। ਮਿਲੀ ਜਾਣਕਾਰੀ ਅਨੁਸਾਰ ਗੀਨੌਰ ਤੋਂ ਆਜ਼ਾਦ ਜਿੱਤੇ ਦੇਵੇਂਦਰ ਕਾਦੀਆਨ ਅਤੇ ਬਹਾਦਰਗੜ੍ਹ ਤੋਂ ਰਾਜੇਸ਼ ਜੂਨ ਨੇ ਅੱਜ ਦਿੱਲੀ ਵਿੱਚ ਸੂਬਾ ਮਾਮਲਿਆਂ ਦੇ ਇੰਚਾਰਜ ਧਰਮੇਂਦਰ ਪ੍ਰਧਾਨ ਤੇ ਸਹਿ ਇੰਚਾਰਜ ਬਿਪਲਬ ਦੇਵ ਸਣੇ ਭਾਜਪਾ ਦੇ ਸੀਨੀਅਰ ਆਗੂਆਂ ਨਾਲ ਮੁਲਾਕਾਤਾ ਕਰਨ ਤੋਂ ਬਾਅਦ ਭਗਵਾਂ ਪਾਰਟੀ ਨੂੰ ਆਪਣਾ ਸਮਰਥਨ ਦੇਣ ਦਾ ਐਲਾਨ ਕਰ ਦਿੱਤਾ ਹੈ। ਵਿਧਾਇਕਾਂ ਨੇ ਕਿਹਾ ਕਿ ਹਾਲਾਂਕਿ, ਭਾਜਪਾ ਕੋਲ ਪਹਿਲਾਂ ਹੀ ਬਹੁਮਤ ਹੈ ਪਰ ਉਨ੍ਹਾਂ ਨੇ ਵੀ ਭਗਵਾਂ ਪਾਰਟੀ ਨੂੰ ਆਪਣਾ ਸਮਰਥਨ ਦੇ ਦਿੱਤਾ ਹੈ। ਇਨ੍ਹਾਂ ਦੋਹਾਂ ਤੋਂ ਇਲਾਵਾ ਭਾਜਪਾ ਤੋਂ ਬਾਗੀ ਹੋ ਕੇ ਚੋਣ ਲੜੀ ਸਾਵਿਤਰੀ ਜਿੰਦਰ ਵੀ ਆਜ਼ਾਦ ਚੋਣ ਜਿੱਤੀ ਹੈ। ਉਹ ਪਾਰਟੀ ਦੇ ਕੁਰੂਕਸ਼ੇਤਰ ਤੋਂ ਸੰਸਦ ਮੈਂਬਰ ਨਵੀਨ ਜਿੰਦਲ ਦੀ ਮਾਂ ਹੈ।

ਹਰਿਆਣਾ ਵਿਧਾਨ ਸਭਾ ਚੋਣਾਂ 'ਚ ਭਾਜਪਾ ਦੀ ਜਿੱਤ ਮਗਰੋਂ ਪ੍ਰਧਾਨ ਮੰਤਰੀ ਮੋਦੀ ਨੂੰ ਮਿਲੇ ਸੈਣੀ

ਨਵੀਂ ਦਿੱਲੀ, 10 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਦੀ ਹੋਈ ਇਤਿਹਾਸਕ ਜਿੱਤ ਤੋਂ ਬਾਅਦ ਸੂਬੇ ਵਿੱਚ ਬਣਨ ਵਾਲੀ ਪਾਰਟੀ ਦੀ ਸਰਕਾਰ ਦੇ ਸੰਭਾਵੀ ਮੁਖੀ ਵਜੋਂ ਸਹੁੰ ਚੁੱਕਣ ਤੋਂ ਪਹਿਲਾਂ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਅੱਜ ਇੱਥੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਲੇ। ਇਸ ਦੌਰਾਨ ਉਨ੍ਹਾਂ ਸੂਬੇ ਵਿੱਚ ਬਣਨ ਵਾਲੇ ਨਵੇਂ ਮੰਤਰੀ ਮੰਡਲ ਬਾਰੇ ਚਰਚਾ ਕੀਤੀ।

ਭਾਜਪਾ ਨੇ ਚੋਣਾਂ ਦੌਰਾਨ ਹੀ ਇਹ ਸੰਕੇਤ ਦੇ ਦਿੱਤਾ ਸੀ ਕਿ ਜੇਕਰ ਪਾਰਟੀ ਵਿਧਾਨ ਸਭਾ ਚੋਣਾਂ ਵਿੱਚ ਜਿੱਤ ਦਰਜ ਕਰਦੀ ਹੈ ਤਾਂ ਮੁੱਖ ਮੰਤਰੀ ਵਜੋਂ ਸੈਣੀ ਹੀ ਪਾਰਟੀ ਦੀ ਪਸੰਦ ਹੋਣਗੇ। ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸੈਣੀ ਨੇ ਪਾਰਟੀ ਦੀ ਸਫ਼ਲਤਾ ਦਾ ਸਿਹਰਾ ਪ੍ਰਧਾਨ ਮੰਤਰੀ ਮੋਦੀ ਦੀਆਂ ਨੀਤੀਆਂ ਸਿਰ ਬੰਨ੍ਹਿਆ। ਮੋਦੀ ਨੇ ਸੋਸ਼ਲ ਮੀਡੀਆ ਪਲੈਟਫਾਰਮ 'ਐਕਸ' ਉੱਤੇ ਮੁਲਾਕਾਤ ਦੀਆਂ ਤਸਵੀਰਾਂ ਸਾਂਝੀ ਕਰਦੇ ਹੋਏ ਪੋਸਟ ਕੀਤਾ, "ਹਰਿਆਣਾ

ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਜੀ ਨੂੰ ਮਿਲਿਆ ਅਤੇ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਨੂੰ ਮਿਲੀ ਇਤਿਹਾਸਕ ਜਿੱਤ ਲਈ ਉਨ੍ਹਾਂ ਨੂੰ ਵਧਾਈ ਦਿੱਤੀ ਅਤੇ ਸ਼ੁਭਕਾਮਨਾਵਾਂ ਦਿੱਤੀਆਂ। ਮੈਨੂੰ ਵਿਸ਼ਵਾਸ ਹੈ ਕਿ ਵਿਕਸਤ ਭਾਰਤ ਦੇ ਸੰਕਲਪ ਵਿੱਚ ਹਰਿਆਣਾ ਦੀ ਭੂਮਿਕਾ ਅਤੇ ਮਹੱਤਵਪੂਰਨ ਹੋਣ ਜਾ ਰਹੀ ਹੈ।"

ਇਸ ਤੋਂ ਪਹਿਲਾਂ ਸੈਣੀ ਨੇ ਕਿਹਾ ਕਿ ਭਾਵੇਂ ਕਿ ਸਿਆਸੀ ਮਾਹਿਰਾਂ ਵੱਲੋਂ ਕਾਂਗਰਸ ਦੇ ਜਿੱਤਣ ਦੀਆਂ ਭਵਿੱਖਬਾਣੀਆਂ ਕੀਤੀਆਂ ਜਾ ਰਹੀਆਂ ਸਨ ਪਰ ਉਨ੍ਹਾਂ ਹਮੇਸ਼ਾ ਜ਼ੋਰ ਦੇ ਕੇ ਕਹਿੰਦੇ ਰਹੇ ਕਿ ਲੋਕ ਭਾਜਪਾ ਸਰਕਾਰ ਦੀਆਂ ਨੀਤੀਆਂ ਕਰ ਕੇ ਭਗਵਾਂ ਪਾਰਟੀ ਵਿੱਚ ਹੀ ਭਰੋਸਾ ਜਤਾਉਣਗੇ। ਇਹ ਪੁੱਛੇ ਜਾਣ 'ਤੇ ਕਿ ਕਾਂਗਰਸ ਪਾਰਟੀ ਵੱਲੋਂ ਈਵੀਐੱਮਜ਼ 'ਤੇ ਸ਼ੱਕ ਜ਼ਾਹਿਰ ਕੀਤਾ ਜਾ ਰਿਹਾ ਹੈ, ਉਨ੍ਹਾਂ ਕਿਹਾ ਕਿ ਵਿਰੋਧੀ ਪਾਰਟੀ ਝੂਠ ਦਾ ਤੂਫਾਨ ਖੜ੍ਹਾ ਕਰ ਰਹੀ ਹੈ।

ਹੈਰਾਨੀਜਨਕ ਨਤੀਜੇ ਆਏ, ਸ਼ਿਕਾਇਤਾਂ ਚੋਣ ਕਮਿਸ਼ਨ ਦੇ ਧਿਆਨ 'ਚ ਲਿਆਵਾਂਗੇ: ਰਾਹੁਲ ਗਾਂਧੀ

ਨਵੀਂ ਦਿੱਲੀ, 10 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਬੁੱਧਵਾਰ ਨੂੰ ਹਰਿਆਣਾ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਨੂੰ ਹੈਰਾਨੀਜਨਕ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਵੱਖ-ਵੱਖ ਵਿਧਾਨ ਸਭਾ ਹਲਕਿਆਂ ਦੀਆਂ ਸ਼ਿਕਾਇਤਾਂ ਚੋਣ ਕਮਿਸ਼ਨ ਦੇ ਧਿਆਨ ਵਿੱਚ ਕਰਵਾਈਆਂ ਜਾਣਗੀਆਂ। ਕਾਂਗਰਸੀ ਆਗੂ ਨੇ ਜੰਮੂ-ਕਸ਼ਮੀਰ ਦੇ ਲੋਕਾਂ ਦਾ ਧੰਨਵਾਦ ਕਰਦੇ ਹੋਏ ਸੂਬੇ 'ਚ ਭਾਰਤ ਦੀ ਜਿੱਤ ਨੂੰ ਸੰਵਿਧਾਨ ਅਤੇ

ਲੋਕਤੰਤਰੀ ਸਵੈ-ਮਾਣ ਦੀ ਜਿੱਤ ਦੱਸਿਆ।

ਰਾਹੁਲ ਗਾਂਧੀ ਨੇ 'ਐਕਸ' ਤੇ ਲਿਖਿਆ ਕਿ ਜੰਮੂ ਅਤੇ ਕਸ਼ਮੀਰ ਦੇ ਲੋਕਾਂ ਦਾ ਮੈਂ ਤਹਿ ਦਿਲੋਂ ਧੰਨਵਾਦ ਕਰਦਾ ਹਾਂ, ਰਾਜ ਵਿੱਚ ਭਾਰਤ ਦੀ ਜਿੱਤ ਸੰਵਿਧਾਨ ਦੀ ਜਿੱਤ ਹੈ, ਲੋਕਤੰਤਰੀ ਸਵੈ-ਮਾਣ ਦੀ ਜਿੱਤ ਹੈ। ਹਰਿਆਣਾ ਦੇ ਚੋਣ ਨਤੀਜਿਆਂ ਸਬੰਧੀ ਉਨ੍ਹਾਂ ਲਿਖਿਆ ਕਿ ਅਸੀਂ ਅਣਕਿਆਸੇ ਨਤੀਜਿਆਂ ਦਾ ਵਿਸ਼ਲੇਸ਼ਣ ਕਰ ਰਹੇ ਹਾਂ। ਬਹੁਤ ਸਾਰੇ ਵਿਧਾਨ ਸਭਾ ਹਲਕਿਆਂ ਤੋਂ ਆ ਰਹੀਆਂ ਸ਼ਿਕਾਇਤਾਂ ਬਾਰੇ ਅਸੀਂ ਚੋਣ ਕਮਿਸ਼ਨ ਨੂੰ ਸੂਚਿਤ ਕਰਾਂਗੇ।

ਮੁੱਖ ਮੰਤਰੀ ਵੱਲੋਂ ਝੋਨੇ ਦੀ ਨਿਰਵਿਘਨ ਖ਼ਰੀਦ ਨੂੰ ਯਕੀਨੀ ਬਣਾਉਣ ਲਈ ਡਿਪਟੀ ਕਮਿਸ਼ਨਰਾਂ ਨੂੰ ਮੰਡੀਆਂ ਦਾ ਨਿਰੰਤਰ ਦੌਰਾ ਕਰਨ ਦੇ ਨਿਰਦੇਸ਼

ਚੰਡੀਗੜ੍ਹ, 10 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਡਿਪਟੀ ਕਮਿਸ਼ਨਰਾਂ ਨੂੰ ਝੋਨੇ ਦੀ ਖਰੀਦ ਅਤੇ ਚੁਕਾਈ ਦੇ ਕਾਰਜਾਂ ਵਿੱਚ ਤੇਜ਼ੀ ਲਿਆਉਣ ਲਈ ਵਿਆਪਕ ਪੱਧਰ 'ਤੇ ਮੰਡੀਆਂ ਦਾ ਦੌਰਾ ਕਰਨ ਦੇ ਨਿਰਦੇਸ਼ ਦਿੱਤੇ ਹਨ। ਡਿਪਟੀ ਕਮਿਸ਼ਨਰਾਂ ਨਾਲ ਵਰਚੁਅਲ ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਸਾਉਣੀ ਮੰਡੀਕਰਨ ਸੀਜ਼ਨ 2024-25 ਦੌਰਾਨ ਮੰਡੀਆਂ ਵਿੱਚ ਝੋਨੇ ਦੀ ਆਮਦ ਵਿੱਚ ਕਾਫ਼ੀ ਵਾਧਾ ਹੋਇਆ ਹੈ।

ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਆਪਣੀ ਫ਼ਸਲ ਵੇਚਣ ਵਿੱਚ ਕਿਸੇ ਕਿਸਮ ਦੀ ਦਿੱਕਤ ਨਹੀਂ ਆਉਣੀ ਚਾਹੀਦੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਨਿੱਜੀ ਤੌਰ 'ਤੇ ਅਨਾਜ ਦੀ ਨਿਰਵਿਘਨ ਅਤੇ ਸੁਚਾਰੂ ਖਰੀਦ ਨੂੰ ਯਕੀਨੀ ਬਣਾਉਣ ਅਤੇ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਕੋਈ ਕਸਰ ਬਾਕੀ ਨਾ ਛੱਡੀ ਜਾਵੇ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਖਰੀਦ ਸੀਜ਼ਨ ਦੌਰਾਨ ਕਿਸਾਨਾਂ ਦੁਆਰਾ ਮੰਡੀਆਂ ਵਿੱਚ ਲਿਆਂਦੇ ਜਾਣ ਵਾਲੇ 185 ਲੱਖ ਮੀਟਰਕ ਟਨ ਝੋਨੇ ਦੀ ਖਰੀਦ ਕੀਤੇ ਜਾਣ ਦੀ ਉਮੀਦ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਇਸ ਸਮੇਂ 32 ਲੱਖ ਹੈਕਟੇਅਰ ਰਕਬਾ ਝੋਨੇ ਹੇਠ ਹੈ ਅਤੇ ਪੰਜਾਬ ਵੱਲੋਂ 185 ਲੱਖ ਮੀਟ੍ਰਿਕ ਟਨ ਝੋਨੇ ਦੀ ਖਰੀਦ ਦਾ ਟੀਚਾ ਰੱਖਿਆ ਗਿਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਆਰ.ਬੀ.ਆਈ. ਵੱਲੋਂ ਸਾਉਣੀ ਮੰਡੀਕਰਨ ਸੀਜ਼ਨ 2024-25 ਲਈ 41,378 ਕਰੋੜ ਰੁਪਏ ਦੀ ਨਕਦ ਕਰਜ਼ਾ ਸੀਮਾ (ਸੀ.ਸੀ.ਐਲ.) ਪਹਿਲਾਂ ਹੀ ਜਾਰੀ ਕੀਤੀ ਜਾ ਚੁੱਕੀ ਹੈ।

ਮੁੱਖ ਮੰਤਰੀ ਨੇ ਸਪੱਸ਼ਟ ਕੀਤਾ ਕਿ ਖਰੀਦ ਅਤੇ ਚੁਕਾਈ ਦੇ ਕਾਰਜਾਂ ਵਿੱਚ ਵਿੱਚ ਕਿਸੇ ਵੀ ਕਿਸਮ ਦੀ ਢਿੱਲ ਜਾਂ ਕੁਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਬੈਕਫਿੰਕੋ ਚੇਅਰਮੈਨ ਸੰਦੀਪ ਸੈਣੀ ਵੱਲੋਂ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨਾਲ ਮੁਲਾਕਾਤ

ਚੰਡੀਗੜ੍ਹ, 10 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਬੈਕਫਿੰਕੋ (ਪੰਜਾਬ ਬੀ.ਸੀ. ਲੈਂਡ ਐਂਡ ਫਾਇਨੈਂਸ ਕਾਰਪੋਰੇਸ਼ਨ) ਦੇ ਚੇਅਰਮੈਨ ਸ੍ਰੀ ਸੰਦੀਪ ਸੈਣੀ ਵੱਲੋਂ ਅੱਜ ਚੰਡੀਗੜ੍ਹ ਵਿਖੇ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨਾਲ ਮੁਲਾਕਾਤ ਕੀਤੀ। ਇਸ ਮੌਕੇ ਤੇ ਬੈਕਫਿੰਕੋ ਵੱਲੋਂ ਸਮਾਜ ਦੇ ਪਿੱਛੜੇ ਵਰਗਾਂ, ਮਹਿਲਾਵਾਂ ਅਤੇ ਕਿਸਾਨਾਂ ਲਈ ਚਲਾਈਆਂ ਜਾ ਰਹੀਆਂ ਵੱਖ-ਵੱਖ ਸਕੀਮਾਂ ਤੇ ਵਿਚਾਰ-ਵ

ਰਵਨੀਤ ਸਿੰਘ ਢੀਂਡਸਾ ਨੇ ਟੇਬਲ ਟੈਨਿਸ ਵਿੱਚ ਹਾਸਲ ਕੀਤਾ ਕਾਂਸੀ ਦਾ ਤਗਮਾ

ਪਟਿਆਲਾ, 10 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਜ਼ਿਲ੍ਹਾ ਖੇਡ ਅਫਸਰ ਪਟਿਆਲਾ ਸ੍ਰੀ ਹਰਪਿੰਦਰ ਸਿੰਘ ਦੀ ਅਗਵਾਈ ਵਿੱਚ ਖੇਡਾਂ ਵਤਨ ਪੰਜਾਬ ਦੀਆਂ-2024 ਦੇ ਜ਼ਿਲ੍ਹਾ ਪੱਧਰੀ ਟੂਰਨਾਮੈਂਟ ਕਰਵਾਏ ਗਏ। ਖੇਡਾਂ ਵਤਨ ਪੰਜਾਬ ਦੀਆਂ-2024 ਦਾ ਟੇਬਲ ਟੈਨਿਸ ਦਾ ਜ਼ਿਲ੍ਹਾ ਪੱਧਰੀ ਟੂਰਨਾਮੈਂਟ ਕਨਵੀਨਰ ਸ੍ਰੀ ਹਰਮਨਪ੍ਰੀਤ ਸਿੰਘ ਅਤੇ ਕੋ ਕਨਵੀਨਰ ਮੇਘਾ ਕੌਲ ਦੀ ਅਗਵਾਈ ਵਿੱਚ ਪੋਲੋ ਗਰਾਊਂਡ ਪਟਿਆਲਾ ਵਿਖੇ ਕਰਵਾਇਆ ਗਿਆ। ਜ਼ਿਲ੍ਹਾ ਪੱਧਰੀ ਟੇਬਲ ਟੈਨਿਸ ਟੂਰਨਾਮੈਂਟ ਪ੍ਰਤੀ ਖਿਡਾਰੀਆਂ ਵਿੱਚ ਬਹੁਤ ਉਤਸ਼ਾਹ ਸੀ। ਇਸ ਟੂਰਨਾਮੈਂਟ ਵਿੱਚ ਮਠੀਆ ਇਨਕਲੇਵ ਨਿਵਾਸੀ ਸ੍ਰੀ ਰਵਨੀਤ ਸਿੰਘ ਢੀਂਡਸਾ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ 31 ਤੋਂ 40 ਸਾਲ ਉਮਰ ਵਰਗ ਵਿੱਚ ਕਾਂਸੀ ਦਾ ਤਗਮਾ ਹਾਸਲ ਕੀਤਾ। ਸ੍ਰੀ ਰਵਨੀਤ ਸਿੰਘ ਢੀਂਡਸਾ ਨੇ ਦੱਸਿਆ

ਕਿ ਉਹਨਾਂ ਨੇ ਪਿਛਲੇ ਕੁੱਝ ਮਹੀਨਿਆਂ ਤੋਂ ਹੀ ਟੇਬਲ ਟੈਨਿਸ ਖੇਡਣਾ ਸ਼ੁਰੂ ਕੀਤਾ ਹੈ। ਸ੍ਰੀ ਰਵਨੀਤ ਸਿੰਘ ਢੀਂਡਸਾ ਨੇ ਦੱਸਿਆ ਕਿ ਉਹਨਾਂ ਨੇ ਕਈ ਸਾਲਾਂ ਤੋਂ ਖੇਡਾਂ ਵਿੱਚ ਭਾਗ ਲੈਣਾ ਛੱਡ ਦਿੱਤਾ ਸੀ, ਪਰ ਖੇਡਾਂ ਵਤਨ ਪੰਜਾਬ ਦੀਆਂ ਕਾਰਨ ਉਹ ਫਿਰ ਤੋਂ ਖੇਡ ਨਾਲ ਜੁੜ ਪਾਏ ਹਨ। ਸ੍ਰੀ ਰਵਨੀਤ ਸਿੰਘ ਢੀਂਡਸਾ ਨੇ ਕਿਹਾ ਕਿ ਉਹ ਆਪਣੀ ਜਿੱਤ ਆਪਣੇ ਪਿਤਾ ਸ. ਭਗਤ ਸਿੰਘ ਢੀਂਡਸਾ ਨੂੰ ਸਮਰਪਿਤ ਕਰਦੇ ਹਨ। ਸ੍ਰੀ ਰਵਨੀਤ ਸਿੰਘ ਢੀਂਡਸਾ ਨੇ ਅੱਗੇ ਕਿਹਾ ਕਿ ਉਹ ਅਗਲੇ ਸਾਲ ਇਸ ਤੋਂ ਵੀ ਵੱਧ ਤਿਆਰੀ ਨਾਲ ਖੇਡਾਂ ਵਤਨ ਪੰਜਾਬ ਦੀਆਂ ਵਿੱਚ ਭਾਗ ਲੈਣਗੇ ਅਤੇ ਆਪਣੇ ਮੈਡਲ ਦਾ ਰੰਗ ਬਦਲਣ ਦੀ ਕੋਸ਼ਿਸ਼ ਕਰਣਗੇ।

ਇਸ ਟੂਰਨਾਮੈਂਟ ਮੌਕੇ ਸ੍ਰੀਮਤੀ ਮਮਤਾ ਰਾਣੀ, ਸ੍ਰੀ ਮਨਪ੍ਰੀਤ ਸਿੰਘ, ਸ੍ਰੀਮਤੀ ਰੁਪਿੰਦਰ ਕੌਰ, ਸ੍ਰੀਮਤੀ ਕੁਲਦੀਪ ਕੌਰ, ਸ੍ਰੀਮਤੀ ਮੀਨਾ ਸੂਦ, ਸ੍ਰੀ ਦੀਪਇੰਦਰ ਸਿੰਘ, ਸ੍ਰੀ ਬਲਕਾਰ ਸਿੰਘ ਅਤੇ ਹੋਰ ਕੋਚ ਸਨ।

ਚੋਣ ਆਬਜ਼ਰਵਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਜਵਾਲਾਪੁਰ ਉਰਫ ਉਲਟਪੁਰ ਤੇ ਮਹਿਮੂਦਪੁਰ ਦਾ ਕੀਤਾ ਦੌਰਾ

ਪਟਿਆਲਾ, 10 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਰਾਜ ਚੋਣ ਕਮਿਸ਼ਨ ਵੱਲੋਂ ਪਟਿਆਲਾ ਜ਼ਿਲ੍ਹੇ ਲਈ ਤਾਇਨਾਤ ਕੀਤੇ ਚੋਣ ਆਬਜ਼ਰਵਰ ਸੀਨੀਅਰ ਆਈ.ਏ.ਐਸ. ਅਧਿਕਾਰੀ ਤੇ ਨਗਰ ਨਿਗਮ ਬਠਿੰਡਾ ਦੇ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਅੱਜ ਪਿੰਡਾਂ ਦਾ ਦੌਰਾ ਕਰਕੇ ਪੰਚਾਇਤੀ ਚੋਣਾਂ ਦੀ ਚੱਲ ਰਹੀ ਪ੍ਰਕਿਰਿਆ ਦਾ ਜਾਇਜ਼ਾ ਲਿਆ।

ਨਵਜੋਤ ਪਾਲ ਸਿੰਘ ਰੰਧਾਵਾ ਬਲਾਕ ਭੁਨਰਹੇੜੀ ਦੇ ਪਿੰਡ ਜਵਾਲਾਪੁਰ ਉਰਫ ਉਲਟਪੁਰ ਪੁੱਜੇ ਜਿਹੜਾ ਕਿ ਪੰਜਾਬ ਦਾ ਇਕਲੌਤਾ ਪਿੰਡ ਹੈ ਜਿਸ ਵਿੱਚ 02 ਅਕਤੂਬਰ 1959 ਨੂੰ ਪੰਚਾਇਤੀ ਰਾਜ ਸ਼ੁਰੂ ਹੋਣ ਤੋਂ ਬਾਅਦ ਅੱਜ ਤੱਕ ਕੋਈ ਚੋਣ ਨਹੀਂ ਹੋਈ।ਉਨ੍ਹਾਂ ਨੇ ਪਿੰਡ ਵਾਸੀਆਂ ਨਾਲ

ਗ੍ਰਾਮ ਪੰਚਾਇਤ ਚੋਣਾਂ ਲਈ ਪਟਿਆਲਾ ਵਿਖੇ ਤਾਇਨਾਤ ਚੋਣ ਨਿਗਰਾਨ ਨਵਜੋਤ ਪਾਲ ਸਿੰਘ ਰੰਧਾਵਾ ਪਿਡਾਂ ਦਾ ਦੌਰਾ ਕਰਦੇ ਹੋਏ।

ਗੱਲਬਾਤ ਕੀਤੀ ਅਤੇ ਉਨ੍ਹਾਂ ਦੇ ਇਸ ਉਪਰਾਲੇ ਦੀ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਉਨ੍ਹਾਂ ਦੇ ਪਿੰਡ ਨੇ ਸਰਬਸੰਮਤੀ ਨਾਲ ਕੀਤੀ ਚੋਣ ਨਾਲ ਬਾਕੀ ਪਿੰਡਾਂ ਨੂੰ ਵੀ ਰਸਤਾ ਦਿਖਾਇਆ ਹੈ। ਪਿੰਡ ਵਾਸੀਆਂ ਨੇ ਕਿਹਾ ਕਿ ਉਨ੍ਹਾਂ ਨੇ ਇਸ ਵਾਰ ਸਿਮਰ ਸਿੰਘ ਨੂੰ ਸਰਬਸੰਮਤੀ ਨਾਲ ਪਿੰਡ ਦਾ ਸਰਪੰਚ ਚੁਣਿਆ।

ਇਸ ਤੋਂ ਬਾਅਦ ਚੋਣ ਆਬਜ਼ਰਵਰ ਨਵਜੋਤ ਪਾਲ ਸਿੰਘ ਰੰਧਾਵਾ ਪਿੰਡ ਮਹਿਮੂਦਪੁਰ ਪੁੱਜੇ, ਜਿੱਥੇ ਕਿ ਪਿੰਡ ਵਾਸੀਆਂ ਨੇ ਸਤਵੰਤ ਸਿੰਘ ਨੂੰ ਸਰਬਸੰਮਤੀ ਨਾਲ ਸਰਪੰਚ ਚੁਣਿਆ ਹੈ। ਚੋਣ ਆਬਜ਼ਰਵਰ ਨੇ ਇਨ੍ਹਾਂ ਪਿੰਡਾਂ ਦੇ ਵਸਨੀਕਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਪਿੰਡ ਹੋਰਨਾਂ ਪਿੰਡਾਂ ਲਾਈ ਰਾਹ ਦਸੇਰੇ ਬਣੇ ਰਹਿਣਗੇ।

ਇਸੇ ਦੌਰਾਨ ਉਨ੍ਹਾਂ ਨੇ ਸਾਰੇ ਰਿਟਰਨਿੰਗ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ 15 ਅਕਤੂਬਰ ਨੂੰ ਗ੍ਰਾਮ ਪੰਚਾਇਤਾਂ ਦੀਆਂ ਹੋਣ ਵਾਲੀਆਂ ਆਮ ਚੋਣਾਂ ਦੇ ਸਮੁੱਚੇ ਅਮਲ ਨੂੰ ਪੂਰੀ ਨਿਰਪੱਖਤਾ, ਪਾਰਦਰਸ਼ਤਾ ਤੇ ਨਿਰਵਿਘਨ ਢੰਗ ਨਾਲ ਨੇਪਰੇ ਚਾੜ੍ਹਿ ਆ ਜਾਵੇ।

ਚੋਣ ਆਬਜ਼ਰਵਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਅਧਿਕਾਰੀਆਂ ਨੂੰ ਕਿਹਾ ਕਿ ਇਹ ਚੋਣਾਂ ਆਜ਼ਾਦਾਨਾ, ਨਿਰਪੱਖ ਤੇ ਪੂਰੀ ਪਾਰਦਸ਼ਤਾ ਨਾਲ ਕਰਵਾਉਣੀਆਂ ਯਕੀਨੀ ਬਨਾਉਣ ਲਈ ਰਾਜ ਚੋਣ ਕਮਿਸ਼ਨ ਦੀਆਂ ਹਦਾਇਤਾਂ ਤੇ ਨਿਯਮਾਂ ਦੀ ਇੰਨ ਬਿੰਨ ਪਾਲਣਾ ਸਖਤੀ ਨਾਲ ਕੀਤੀ ਜਾਵੇ।ਇਸ ਮੌਕੇ ਲਾਇਜਨ ਅਫ਼ਸਰ ਤੇ ਆਰ.ਟੀ.ਓ. ਨਮਨ ਮੜਕਨ ਵੀ ਮੌਜੂਦ ਸਨ।

ਜੋੜੀਆਂ ਭੱਠੀਆਂ ਚੌਕ ਦੀ ਸ਼੍ਰੀ ਰਾਮ ਲੀਲਾ ਵਿੱਚ ਸ਼੍ਰੀ ਰਾਮ ਦੇ ਰਾਜਅਭਿਸ਼ੇਕ ਦਾ ਐਲਾਨ ਅਤੇ ਬਨਵਾਸ ਦੇਣ ਦੇ ਦ੍ਰਿਸ਼ਾਂ ਦਾ ਹੋਇਆ ਮੰਚਨ

ਪਟਿਆਲਾ, 10 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਜੋੜੀਆਂ ਭੱਠੀਆਂ ਰੌਇਲ ਯੂਥ ਕਲੱਬ ਅਤੇ ਸ਼੍ਰੀ ਰਾਮ ਲੀਲਾ ਪ੍ਰਬੰਧਕ ਕਮੇਟੀ ਵਲੋਂ ਪ੍ਰਧਾਨ ਵਰੁਣ ਜਿੰਦਲ ਦੀ ਦੇਖ-ਰੇਖ ਹੇਠ ਜੋੜੀਆਂ ਭੱਠੀਆਂ ਚੌਕ ਵਿੱਚ ਆਯੋਜਿਤ ਸ਼੍ਰੀ ਰਾਮ ਲੀਲਾ ਦੇ ਚੌਥੇ ਦਿਨ ਪ੍ਰਭੂ ਸ਼੍ਰੀ ਰਾਮ ਅਤੇ ਮਾਤਾ ਸੀਤਾ ਦੇ ਵਿਆਹ ਤੋਂ ਬਾਅਦ ਮਹਾਰਾਜ ਦਸ਼ਰਥ ਵੱਲੋਂ ਸ਼੍ਰੀ ਰਾਮ ਦੇ ਰਾਜਅਭਿਸ਼ੇਕ ਦੀ ਘੋਸ਼ਣਾ ਕਰਨ 'ਤੇ ਸਮੁੱਚੇ ਅਯੋਧਿਆ ਵਾਸੀਆਂ ਵੱਲੋਂ ਜਸ਼ਨ ਮਨਾਉਣ ਦੇ ਦ੍ਰਿਸ਼ ਨੂੰ ਪੇਸ਼ ਕੀਤਾ ਗਿਆ। ਇਸ ਦੇ ਨਾਲ ਹੀ ਸ਼੍ਰੀ ਰਾਮ ਨੂੰ 14 ਸਾਲ ਦਾ ਵਨਵਾਸ ਦੇਣ ਦੇ ਦ੍ਰਿਸ਼ ਨੂੰ ਭਾਵਨਾਤਮਕ ਢੰਗ ਨਾਲ ਪੇਸ਼ ਕੀਤਾ ਗਿਆ। ਸ੍ਰੀ ਰਾਮ ਲੀਲਾ ਵਿੱਚ ਧਰਮ ਪ੍ਰਚਾਰਕ ਸੰਜੀਵ ਗੁਰੂ ਜੀ ਮਹਾਰਾਜ, ਆਰਐਸਐਸ ਤੋਂ ਜਤਿੰਦਰ ਜੀ, ਪੰਜਾਬ ਭਾਜਪਾ ਦੇ ਉਪ ਪ੍ਰਧਾਨ ਡਾ. ਸੁਭਾਸ਼ ਸ਼ਰਮਾ ਜੀ, ਵਿਸ਼ਨੂ ਦੱਤ ਗਿਰੀ ਜੀ ਮਹਾਰਾਜ, ਸਚਿਨ ਪੰਡਿਤ, ਰੌਬਿਨ ਪੰਡਿਤ, ਅਰਵਿੰਦਰ ਸ਼ਰਮਾ ਬੀਟਾ, ਪ੍ਰਿੰਸ, ਐਡਵੋਕੇਟ ਹਿਮਾਂਸ਼ੂ ਅਤੇ ਵਿਨੇ ਲੱਕੀ ਖਾਸ ਤੌਰ 'ਤੇ ਪਹੁੰਚੇ।

ਸ਼੍ਰੀ ਰਾਮ ਲੀਲਾ ਦੇ ਚੌਥੇ ਦਿਨ ਮਹਾਰਾਜ ਦਸ਼ਰਥ-ਕੈਕਈ ਸੰਵਾਦ, ਮਹਾਰਾਣੀ ਕੌਸ਼ਲਿਆ-ਸ਼੍ਰੀ ਰਾਮ ਸੰਵਾਦ, ਸ਼੍ਰਵਣ ਕੁਮਾਰ-ਮਹਾਰਾਜ ਦਸ਼ਰਥ ਸੰਵਾਦ, ਮਹਾਰਾਜ ਦਸ਼ਰਥ ਦੀ ਮੌਤ, ਵੇਦਵਤੀ ਵੱਲੋਂ ਰਾਵਣ ਨੂੰ ਸ਼ਰਾਪ ਦੇਣਾ, ਭਰਤ-ਕੈਕਈ ਸੰਵਾਦ, ਭਰਤ ਦਾ ਮਹਾਰਾਣੀ ਕੌਸ਼ਲਿਆ ਨੂੰ ਮਿਲਣ ਦੇ ਦ੍ਰਿਸ਼ਾਂ ਦਾ ਮੰਚਨ ਕੀਤਾ ਗਿਆ।

ਪ੍ਰਧਾਨ ਵਰੁਣ ਜਿੰਦਲ ਨੇ ਦੱਸਿਆ ਕਿ ਸ਼੍ਰੀ ਰਾਮ ਲੀਲਾ ਵਿੱਚ ਮਰਦਾਂ ਦੇ ਕਿਰਦਾਰ ਮੁੰਡਿਆਂ ਵੱਲੋਂ ਅਤੇ ਔਰਤਾਂ ਦੇ ਕਿਰਦਾਰ ਕੁੜੀਆਂ ਵੱਲੋਂ ਨਿਭਾਏ ਜਾਂਦੇ ਹਨ। ਸ਼੍ਰੀ ਰਾਮ ਦਾ ਕਿਰਦਾਰ ਨੀਰਜ ਸ਼ਰਮਾ, ਮਾਤਾ ਸੀਤਾ ਦਾ ਸੋਨਾਸ਼ੀ ਕੌਸ਼ਲ, ਲਕਸ਼ਮਣ ਦਾ ਗੌਰਵ ਗੋਇਲ, ਮਹਾਰਾਜ ਦਸ਼ਰਥ ਦਾ ਡਾ. ਆਸ਼ੀਸ਼ ਕੌਸ਼ਲ, ਰਾਨੀ ਕੈਕਈ ਦਾ ਡਾ. ਸੋਨੀਆ ਸੋਢੀ ਕੌਸ਼ਲ, ਰਾਵਣ ਦਾ ਲਕਸ਼, ਮੰਥਰਾ ਦਾ ਦੀਪਿਕਾ ਸ਼ਰਮਾ, ਮਹਾਰਾਣੀ ਕੌਸ਼ਲਿਆ ਦਾ ਮੋਕਸ਼ਾ, ਰਾਨੀ ਸੁਮਿੱਤਰਾ ਦਾ ਕਨੁਪ੍ਰਿਆ, ਭਰਤ ਦਾ ਜਤਿਨ, ਸ਼੍ਰਵਣ ਕੁਮਾਰ ਦਾ ਪਾਰਥ ਭੱਲਾ, ਸਹਿਤ ਸੈਮ, ਜੱਸੀ, ਰਿਤੂ, ਕਣਵ, ਰੋਹਿਤ ਗੁਪਤਾ, ਆਦਿਤਿਆ ਸ਼ਰਮਾ, ਅਨਮੋਲ, ਜਸ਼ਨ, ਦਕਸ਼, ਸ਼ਿਵਮ, ਚੇਤਨ ਸ਼ਰਮਾ, ਅੰਕਿਤ ਨੇ ਵੱਖ-ਵੱਖ ਕਿਰਦਾਰਾਂ ਦੀ ਭੂਮਿਕਾ ਨਿਭਾਈ।

ਮੁੱਖ ਮੰਤਰੀ ਭਗਵੰਤ ਮਾਨ ਦੀ ਵਾਤਾਵਰਨ ਬਚਾਉਣ ਲਈ ਵੱਡੀ ਪਹਿਲਕਦਮੀ ? ਸੂਬੇ ਦੇ ਸਹਿਕਾਰੀ ਬੈਂਕਾਂ ਵੱਲੋਂ ਫਸਲੀ ਰਹਿੰਦ-ਖੂੰਹਦ ਦੇ ਪ੍ਰਬੰਧਨ ਲਈ 80 ਫੀਸਦੀ ਤੱਕ ਸਬਸਿਡੀ ਉਤੇ ਕਰਜ਼ੇ ਦੀ ਪੇਸ਼ਕਸ਼

ਮੁੱਖ ਮੰਤਰੀ ਨੇ ਫਸਲਾਂ ਦੀ ਰਹਿੰਦ-ਖੂੰਹਦ ਦੇ ਪ੍ਰਬੰਧਨ ਅਤੇ ਪਰਾਲੀ ਸਾੜਨ ਦੀ ਰੋਕਥਾਮ ਲਈ ਸਰਕਾਰ ਦੀ ਵਚਨਬੱਧਤਾ ਦੁਹਰਾਈ

ਝੋਨਾ ਵੇਚਣ ਆਏ ਕਿਸਾਨਾਂ ਦੀ ਮੰਡੀ ਵਿਚ ਖੱਜਲ-ਖੁਆਰੀ ਨੂੰ ਵੇਖ ਕਿਸਾਨ ਜਥੇਬੰਦੀਆਂ ਧਰਨਿਆ ਲਈ ਮਜਬੂਰ: ਰੁਸਤਮ

ਜ਼ੀਰਕਪੁਰ, 10 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਮੁਖ ਮੰਤਰੀ ਭਗਵੰਤ ਮਾਨ ਵਲੋਂ ਮਾਰਕੀਟ ਕਮੇਟੀਆਂ ਨੂੰ ਹੁਕਮ ਦਿੱਤੇ ਹਨ ਕਿ ਕੋਈ ਵੀ ਕਿਸਾਨ ਮੰਡੀ ਵਿਚ ਪ੍ਰੇਸ਼ਾਨ ਨਹੀਂ ਹੋਣਾ ਚਾਹੀਦਾ ਅਤੇ ਸਮੇਂ ਸਿਰ ਝੋਨੇ ਦੀ ਬੋਲੀ ਯਕੀਨੀ ਬਣਾਈ ਜਾਵੇ, ਪਰ ਇਨ੍ਹਾਂ ਹੁਕਮਾਂ ਦੇ ਬਾਵਜੂਦ ਆੜ੍ਹਤੀ 'ਤੇ ਸ਼ੈਲਰ ਮਾਲਕਾਂ ਦੀ ਹੜਤਾਲ ਕਾਰਨ ਕੋਈ ਆੜ੍ਹਤੀ ਝੋਨਾ ਭਰਨ ਲਈ ਤਿਆਰ ਨਹੀਂ ਹੈ। ਕਿਸਾਨ ਭੁੱਖਾ ਪਿਆਸਾ ਮੰਡੀ ਵਿਚ ਜੀਰੀ ਦੀ ਬੋਲੀ ਦੀ ਉਡੀਕ ਕਰ ਰਿਹਾ ਹੈ। ਸਥਾਨਕ ਪੀ.ਆਰ 7 ਸੜਕ ਤੇ ਬਣਾਈ ਆਰਜੀ ਮੰਡੀ ਵਿੱਚ ਮਾਰਕੀਟ ਕੇਮਟੀ ਵੱਲੋਂ ਨਾ ਪੀਣ ਵਾਲੇ ਪਾਣੀ ਦਾ ਪ੍ਰਬੰਧ ਹੈ ਤੇ ਨਾ ਹੀ ਕਿਸਾਨਾਂ ਦੇ ਧੁੱਪ ਛਾਂ ਵਿਚ ਬੈਠਣ ਲਈ ਪ੍ਰਬੰਧ ਕੀਤਾ ਗਿਆ ਹੈ। ਮੁਖ ਮੰਤਰੀ ਸਾਹਿਬ ਦੇ ਆਏ ਹੁਕਮ ਛਿੱਕੇ ਟੰਗੇ ਹੋਏ ਹਨ। ਕਿਸਾਨ ਅਤੇ ਸਥਾਨਕ ਕਰਮਚਾਰੀ ਵੀ ਪ੍ਰੇਸ਼ਾਨ ਹਨ। ਦੂਜੇ ਪਾਸੇ ਕਿਸਾਨ ਯੂਨੀਅਨਾ ਨੇ ਮੰਡੀਆਂ ਵਿੱਚੋਂ ਝੋਨੇ ਦੀ ਚੁਕਾਈ ਨਾ ਹੋਣ ਦੀ ਸੂਰਤ ਵਿੱਚ ਧਰਨਾ ਲਾਉਣ ਦੀ ਚਿਤਾਵਨੀ ਦਿੱਤੀ ਹੈ। ਇਸ ਸਬੰਧੀ ਯੂਨੀਅਨ ਨੇ ਹੰਗਾਮੀ ਮੀਟਿੰਗ ਕੀਤੀ ਹੈ । ਇਸ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਭਾਰਤੀ ਕਿਸਾਨ ਯੂਨੀਅਨ (ਪੁਆਧ) ਦੇ ਮੀਤ ਪ੍ਰਧਾਨ ਰੁਸਤਮ ਸੇਖ ਅਲੀ ਨੇ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਨੂੰ ਸੜਕਾਂ 'ਤੇ ਉਤਰ ਕੇ ਧਰਨੇ ਲਗਾਉਣ ਲਈ ਮਜਬੂਰ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਅੱਜ ਲੁਧਿਆਣਾ ਵਿਖੇ ਸੰਯੁਕਤ ਕਿਸਾਨ ਮੋਰਚੇ ਦੀ ਅਹਿਮ ਮੀਟਿੰਗ ਹੋਈ ਹੈ ਜਿਸ ਦੌਰਾਨ ਕਈ ਫੈਸਲੇ ਗਏ ਹਨ। ਉਨ੍ਹਾਂ ਕਿਹਾ ਕਿ ਮੰਡੀਆਂ ਵਿੱਚ ਸੁੱਕੇ ਝੋਨੇ ਦੇ ਅੰਬਾਰ ਲੱਗੇ ਹੋਏ ਹਨ ਪਰ ਖਰੀਦ ਏਜੰਸੀਆਂ ਮੰਡੀਆਂ ਵਿੱਚ ਨਹੀਂ ਆਈਆਂ । ਜਿਸ ਕਰਕੇ ਕਿਸਾਨ ਮੰਡੀਆਂ ਵਿੱਚ ਰਾਤਾਂ ਨੂੰ ਰਹਿਣ ਲਈ ਮਜਬੂਰ ਹਨ । ਭਾਰਤੀ ਕਿਸਾਨ ਯੂਨੀਅਨ ਪੁਆਧ ਨੇ ਡਿਪਟੀ ਕਮਿਸ਼ਨਰ ਐਸ.ਏ.ਐਸ ਨਗਰ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਕਿਸਾਨਾਂ ਦਾ ਮੰਡੀ ਵਿੱਚ ਆਇਆ ਝੋਨਾ ਤੁਰੰਤ ਭਰਿਆ ਜਾਵੇ ਕਿਉਂਕਿ ਅਜੇ ਝੋਨੇ ਦੀ ਕਟਾਈ ਦਾ ਕੰਮ ਸ਼ੁਰੂ ਹੀ ਹੋਇਆ ਹੈ। ਇਥੇ ਦਸਣਯੋਗ ਹੈ ਕਿ ਮੰਡੀਆਂ ਵਿਚ ਬਾਰਦਾਨਾ ਨਾ ਆਉਣਾ ਇਸਦਾ ਮੱਖ ਕਾਰਨ ਮੰਨਿਆ ਜਾ ਰਿਹਾ ਹੈ ਜਿਸ ਕਾਰਨ ਕਿਸਾਨਾਂ ਨੂੰ ਆਪਣੀਆਂ ਫਸਲਾਂ ਦੀ ਬੋਲੀ ਲਈ ਇਨ੍ਹਾਂ ਲੰਮਾ ਇੰਤਜਾਰ ਕਰਨਾ ਪੈ ਰਿਹਾ ਹੈ। ਜੀਰਕਪੁਰ ਸਥਿਤ ਪੀ.ਆਰ 7 ਸੜਕ ਤੇ ਬਣਾਈ ਗਈ ਆਰਜੀ ਮੰਡੀ ਵਿਚ 5 ਦਿਨ ਬੀਤ ਜਾਣ ਦੇ ਬਾਵਜੂਦ ਹਜ਼ੇ ਤੱਕ ਇਕ ਵੀ ਦਾਣੇ ਦੀ ਸਰਕਾਰੀ ਵਿਰਕੀ ਨਹੀ ਹੋ ਸਕੀ ਹੈ ਜਿਸ ਕਾਰਨ ਕਿਸਾਨਾਂ ਦੇ ਚੇਹਰੇ ਮੁਰਝਾਏ ਹੋਏ ਹਨ।

ਪੰਜਾਬ ਪਬਲਿਕ ਸਕੂਲ ਨਾਭਾ ਨੇ ਆਲ ਇੰਡੀਆਂ ਆਈ.ਪੀ. ਐਸ.ਸੀ. ਹਾਕੀ ਲੜਕੀਆਂ ਅੰਡਰ-19 ਦੀ ਕੀਤੀ ਮੇਜ਼ਬਾਨੀ

ਨਾਭਾ, 10 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਪਬਲਿਕ ਸਕੂਲ ਨਾਭਾ ਤਿੰਨ ਦਿਨਾਂ ਆਲ ਇੰਡੀਆ ਆਈ.ਪੀ.ਐਸ.ਸੀ. ਹਾਕੀ ਲੜਕੀਆਂ ਅੰਡਰ-19 ਚੈਂਪੀਅਨਸ਼ਿਪ ਦੀ ਮੇਜ਼ਬਾਨੀ ਕਰ ਰਿਹਾ ਹੈ। ਇਸ ਟੂਰਨਾਮੈਂਟ ਵਿੱਚ ਦੇਸ ਦੇ ਪੰਜ ਨਾਮਵਰ ਸਕੂਲਾਂ ਦੀਆਂ ਪੰਜ ਟੀਮਾਂ- ਬਿਰਲਾ ਬਾਲਿਕਾ ਵਿਦਿਆਪੀਠ, ਪਿਲਾਨੀ, ਮੇਓ ਕਾਲਜ ਗਰਲਜ਼ ਸਕੂਲ, ਅਜਮੇਰ, ਮਹਾਰਾਣੀ ਗਾਇਤਰੀ ਦੇਵੀ ਗਰਲਜ਼ ਸਕੂਲ, ਜੈਪੁਰ, ਐਮ.ਐਨ. ਐਸ.ਐਸ (MNSS), ਰਾਏ ਅਤੇ ਪੰਜਾਬ ਪਬਲਿਕ ਸਕੂਲ, ਨਾਭਾ ਹਿੱਸਾ ਲੈ ਰਹੀਆਂ ਹਨ। ਇਸ ਟੂਰਨਾਮੈਂਟ ਸਮਾਗਮ ਦਾ ਰਸਮੀ ਉਦਘਾਟਨ ਸ. ਰਣਬੀਰ ਸਿੰਘ ਖਟੜਾ, ਸਾਬਕਾ ਪੁਲਿਸ ਇੰਸਪੈਕਟਰ ਜਨਰਲ ਅਤੇ ਸਕੂਲ ਦੇ ਸਾਬਕਾ ਵਿਦਿਆਰਥੀ ਦੁਆਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਕਿਹਾ ਕਿ ਖੇਡਾਂ ਮਨੁੱਖ ਦੇ ਚਰਿੱਤਰ ਨੂੰ ਨਿਖਾਰਨ ਲਈ ਜ਼ਰੂਰੀ ਹਨ। ਇਸ ਮੌਕੇ ਸਕੂਲ ਹੈਡਮਾਸਟਰ ਡਾ. ਡੀ.ਸੀ. ਸ਼ਰਮਾ ਨੇ ਆਏ ਹੋਏ ਮੁੱਖ ਮਹਿਮਾਨ ਨੂੰ ਸਨਮਾਨ ਚਿੰਨ੍ਹ ਭੇਟ ਕੀਤਾ ਅਤੇ ਉਹਨਾਂ ਮੁੱਖ ਮਹਿਮਾਨ ਅਤੇ ਹੋਰ ਮਹਿਮਾਨ ਸਾਹਿਬਾਂ ਦਾ ਖਿਡਾਰੀਆਂ ਦੀ ਹੌਸਲਾ-ਅਫਜਾਈ ਅਤੇ ਮਾਰਗਦਰਸ਼ਕ ਕਰਨ ਲਈ, ਇਸ ਸਮਾਗਮ 'ਚ ਸਿਰਕਤ ਕਰਨ ਲਈ ਆਪਣੇ ਕੀਮਤੀ ਸਮੇਂ ਚੋਂ ਸਮਾਂ ਕੱਢਣ ਲਈ ਧੰਨਵਾਦ ਕੀਤਾ।

ਸੂਬੇ ਦੇ ਸਹਿਕਾਰੀ ਬੈਂਕਾਂ ਨੇ ਪੰਜਾਬ ਭਰ ਵਿੱਚ ਫਸਲੀ ਰਹਿੰਦ-ਖੂੰਹਦ ਪ੍ਰਬੰਧਨ ਕਰਜ਼ਾ ਯੋਜਨਾ ਸ਼ੁਰੂ ਕੀਤੀ

ਪਟਿਆਲਾ, 10 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪਰਾਲੀ ਫੂਕਣ

ਸੁਰੱਖਿਅਤ ਸੜਕੀ ਆਵਾਜਾਈ ਲਈ ਖੇਤਰੀ ਟਰਾਂਸਪੋਰਟ ਅਫ਼ਸਰ ਦੀ ਪ੍ਰਧਾਨਗੀ ਹੇਠ ਬੈਠਕ

ਬਾਜ਼ਾਰਾਂ 'ਚ ਦੁਕਾਨਦਾਰ ਸੜਕਾਂ ਕਿਨਾਰੇ ਸਮਾਨ ਤੇ ਮਸ਼ਹੂਰੀ ਬੋਰਡ ਨਾ ਰੱਖਣ : ਨਮਨ ਮੜਕਨ

ਪਟਿਆਲਾ, 10 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਰੋਡ ਸੇਫ਼ਟੀ ਕਾਉਂਸਿਲ ਦੀ ਲੀਡ ਏਜੰਸੀ ਰੋਡ ਸੇਫਟੀ, ਪੰਜਾਬ ਦੇ ਆਦੇਸ਼ਾਂ ਤਹਿਤ ਪਟਿਆਲਾ ਜ਼ਿਲ੍ਹੇ ਵਿੱਚ ਜ਼ਿਲ੍ਹਾ ਸੜਕ ਸੁਰੱਖਿਆ ਕਮੇਟੀ ਦਾ ਪੁਨਰ ਗਠਨ ਕੀਤਾ ਜਾ ਰਿਹਾ ਹੈ ਅਤੇ ਜ਼ਿਲ੍ਹੇ ਵਿੱਚ ਸੁਰੱਖਿਅਤ ਸੜਕੀ ਆਵਾਜਾਈ ਲਈ ਲੋਕਾਂ ਨੂੰ ਹੋਰ ਵੀ ਜੋਰਦਾਰ ਢੰਗ ਨਾਲ ਜਾਗਰੂਕ ਕੀਤਾ ਜਾਵੇਗਾ। ਇਹ ਪ੍ਰਗਟਾਵਾ ਪਟਿਆਲਾ ਦੇ ਖੇਤਰੀ ਟਰਾਂਸਪੋਰਟ ਅਫ਼ਸਰ ਨਮਨ ਮੜਕਨ ਨੇ ਜ਼ਿਲ੍ਹਾ ਸੜਕ ਸੁਰੱਖਿਆ ਕਮੇਟੀ ਦੇ ਮੈਂਬਰ ਅਧਿਕਾਰੀਆਂ ਨਾਲ ਬੈਠਕ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਨਵੇਂ ਆਦੇਸ਼ਾਂ ਮੁਤਾਬਕ ਜ਼ਿਲ੍ਹਾ ਸੜਕ ਸੁਰੱਖਿਆ ਕਮੇਟੀ ਹੀ 'ਹਿਟ ਐਂਡ ਰਨ ਮੋਟਰ ਐਕਸੀਡੈਂਟ ਸਕੀਮ-2022 'ਚ ਮੁਆਵਜਾ ਦਿਵਾਉਣ ਲਈ ਜ਼ਿਲ੍ਹਾ ਪੱਧਰੀ ਕਮੇਟੀ' ਹੋਵੇਗੀ।

ਖੇਤਰੀ ਟਰਾਂਸਪੋਰਟ ਅਫ਼ਸਰ ਨੇ ਦੱਸਿਆ ਕਿ ਸੜਕ ਸੁਰੱਖਿਆ ਦੇ ਨਿਯਮਾਂ ਦੀ ਜਾਣਕਾਰੀ ਹਰ ਨਾਗਰਿਕ ਤੱਕ ਪੁੱਜਦੀ ਕਰਨ ਲਈ ਜ਼ਿਲ੍ਹੇ ਦੇ ਸਾਰੇ ਸਕੂਲਾਂ ਵਿੱਚ ਰੋਡ ਸੇਫਟੀ ਦੇ ਨੋਡਲ ਅਫ਼ਸਰ ਲਗਾਉਣ ਦੇ ਨਿਰਦੇਸ਼ ਜ਼ਿਲ੍ਹਾ ਸਿੱਖਿਆ ਅਫ਼ਸਰ ਨੂੰ ਜਾਰੀ ਕੀਤੇ ਗਏ ਹਨ। ਨਮਨ ਮੜਕਨ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਪਟਿਆਲਾ ਡਾ. ਪ੍ਰੀਤੀ ਯਾਦਵ ਦੀ ਅਗਵਾਈ ਹੇਠ ਜ਼ਿਲ੍ਹੇ ਦਾ ਸਾਲਾਨਾ ਐਕਸ਼ਨ ਪਲਾਨ ਤਿਆਰ ਕੀਤਾ ਜਾਵੇਗ ਤਾਂ ਕਿ ਸੜਕੀ ਹਾਦਸਿਆਂ ਦੀ ਦਰ ਨੂੰ ਜੀਰੋ 'ਤੇ ਲਿਆਂਦਾ ਜਾਵੇ।

ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਜ਼ਿਲ੍ਹਾ ਸੜ੍ਹਕ ਸੁਰੱਖਿਆ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਨਮਨ ਮੜਕਨ ਨੇ ਲੋਕ ਨਿਰਮਾਣ ਵਿਭਾਗ ਅਤੇ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜ਼ਿਲ੍ਹੇ ਤੇ ਸ਼ਹਿਰ ਵਿੱਚ ਜਿੱਥੇ ਵੀ ਸੜਕੀ ਹਾਦਸਿਆਂ ਦੇ ਬਲੈਕ ਸਪਾਟ ਹਨ, ਉਹ ਤੁਰੰਤ ਠੀਕ ਕੀਤੇ ਜਾਣ ਤਾਂ ਕਿ ਹਾਦਸਿਆਂ ਕਰਕੇ ਕੀਮਤੀ ਮਨੁੱਖੀ ਜਾਨਾਂ ਅਜਾਂਈ ਨਾ ਜਾਣ।

ਨਮਨ ਮੜਕਨ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਜਿੱਥੇ ਆਉਂਦੇ ਤਿਉਹਾਰਾਂ ਦੇ ਸੀਜ਼ਨ 'ਚ ਸੜਕੀ ਆਵਾਜਾਈ ਨੇਮਾਂ ਦਾ ਪਾਲਣ ਕਰਕੇ ਇਸਨੂੰ ਆਪਣੀ ਆਦਤ ਹੀ ਬਣਾਉਣ। ਉਨ੍ਹਾਂ ਨੇ ਨਗਰ ਨਿਗਮ ਨੂੰ ਕਿਹਾ ਕਿ ਸ਼ਹਿਰ ਅੰਦਰ ਦੁਕਾਨਦਾਰ ਤੇ ਹੋਰ ਅਦਾਰਿਆਂ ਦੇ ਫਲੈਕਸ ਬੋਰਡ ਸੜਕਾਂ ਦੇ ਕਿਨਾਰਿਆਂ ਉਤੇ ਨਾ ਰੱਖਣ ਦਿੱਤੇ ਜਾਣ ਤੇ ਘਰਾਂ ਦੀ ਉਸਾਰੀ ਤੇ ਹੋਰ ਮੁਰੰਮਤ ਕਾਰਜ ਕਰਵਾ ਰਹੇ ਲੋਕਾਂ ਵੱਲੋਂ ਉਸਾਰੀ ਮੈਟੀਰੀਅਲ ਸੜਕਾਂ ਉਤੇ ਰੱਖੇ ਜਾਣ ਬਾਬਤ ਕਾਰਵਾਈ ਵੀ ਕੀਤੀ ਜਾਵੇ। ਉਨ੍ਹਾਂ ਨੇ ਪੀਆਰਟੀਸੀ ਨੂੰ ਡਰਾਇਵਰਾਂ ਲਈ ਮੈਡੀਕਲ ਕੈਂਪ ਲਾਉਣ ਲਈ ਵੀ ਕਿਹਾ।

ਮੀਟਿੰਗ ਮੌਕੇ ਐਸ.ਡੀ.ਐਮ. ਪਾਤੜਾਂ ਅਸ਼ੋਕ ਕੁਮਾਰ, ਪੀ.ਆਰ.ਟੀ.ਸੀ. ਦੇ ਜੀ.ਐਮ ਅਮਨਵੀਰ ਸਿੰਘ ਟਿਵਾਣਾ, ਲੋਕ ਨਿਰਮਾਣ ਦੇ ਕਾਰਜਕਾਰੀ ਇੰਜੀਨੀਅਰਜ਼ ਮਨਪ੍ਰੀਤ ਦੂਆ, ਪਿਊਸ਼ ਅਗਰਵਾਲ ਤੇ ਨਵੀਨ ਮਿੱਤਲ ਸਮੇਤ ਜੰਗਲਾਤ, ਨਗਰ ਨਿਗਮ, ਸਿੱਖਿਆ ਵਿਭਾਗ ਸਮੇਤ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

ਪਟਿਆਲਾ ਪੁਲਿਸ ਵੱਲੋਂ ਫਿਰੋਤੀਆਂ ਤੇ ਲੁੱਟਾਂਖੋਹਾਂ ਕਰਨ ਵਾਲੇ ਗੈਂਗ ਦੇ 5 ਦੋਸ਼ੀ ਗ੍ਰਿਫ਼ਤਾਰ

➢ 2 ਪਿਸਟਲ 32 ਬੋਰ, ਇਕ ਪਿਸਟਲ 30 ਬੋਰ ਸਮੇਤ 18 ਰੋਦ ਬਰਾਮਦ
➢ ਗ੍ਰਿਫ਼ਤਾਰ ਦੋਸੀਆਨ ਤੇ ਕਤਲ, ਇਰਾਦਾ ਕਤਲ, ਲੁੱਟਾਂਖੋਹਾ ਦੇ ਕੇਸ ਦਰਜ

ਪਟਿਆਲਾ, 10 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਡਾ:ਨਾਨਕ ਸਿੰਘ, ਆਈ.ਪੀ.ਐਸ, ਸੀਨੀਅਰ ਕਪਤਾਨ ਪੁਲਿਸ ਨੇ ਪ੍ਰੈਸ ਨੋਟ ਰਾਹੀਂ ਦੱਸਿਆਂ ਕਿ ਪਟਿਆਲਾ ਪੁਲਿਸ ਵੱਲੋਂ ਅਪਰਾਧਿਕ ਅਨਸਰਾਂ ਖਿਲਾਫ ਅਤੇ ਅਣਸੁਲਝੇ ਸੰਗੀਨ ਜੁਰਮਾਂ ਵਿੱਚ ਲੋੜੀਦੇ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਨ ਲਈ ਚਲਾਈ ਗਈ ਸਪੈਸਲ ਮੁਹਿਮ ਤਹਿਤ ਕਾਮਯਾਬੀ ਮਿਲੀ ਹੈ, ਜਿਸ ਵਿੱਚ ਸ੍ਰੀ ਯੁਗੇਸ ਸ਼ਰਮਾਂ PPS, SP (Inv) PTL, ਸ੍ਰੀ ਵੈਭਵ ਚੌਧਰੀ IPS, ASP ਡਿਟੈਕਟਿਵ ਪਟਿਆਲਾ ਦੀ ਅਗਵਾਈ ਵਿੱਚ ਇੰਸਪੈਕਟਰ ਸ਼ਮਿੰਦਰ ਸਿੰਘ ਇੰਚਾਰਜ ਸੀ.ਆਈ.ਏ ਪਟਿਆਲਾ ਦੀ ਟੀਮ ਵੱਲੋਂ ਅਪਰਾਧਿਕ ਗੈਗ ਦੇ 5 ਦੋਸੀਆਨ ਖਿਲਾਫ ਕਾਰਵਾਈ ਕਰਦੇ ਹੋਏ ਕਾਬੂ ਕੀਤਾ ਗਿਆ। ਦੋਸ਼ੀਆਂ ਵਿਚ ਗੁਰਸੇਵਕ ਸਿੰਘ ਉਰਫ ਸੇਵਕ ਸਿੰਘ ਉਰਫ ਬਿੱਜੂ ਪੁੱਤਰ ਮੱਖਣ ਸਿੰਘ ਵਾਸੀ ਪਿੰਡ ਖਿੱਲਣ ਜਿਲ੍ਹਾ ਮਾਨਸਾ,

ਸੰਦੀਪ ਸਿੰਘ ਉਰਫ ਸੁੱਖਾ ਪੁੱਤਰ ਸੰਭੂ ਸਿੰਘ ਵਾਸੀ ਗਲੀ ਨੰਬਰ 01 ਵਾਰਡ ਨੰਬਰ 13 ਗਰੀਨ ਪਾਰਕ ਕਲੋਨੀ ਜਿਲ੍ਹਾ ਸ੍ਰੀ ਮੁਕਤਸਰ ਸਾਹਿਬ, ਸੁਖਵੀਰ ਸਿੰਘ ਉਰਫ ਵਿਸ਼ਾਲ ਸਿੰਘ ਪੁੱਤਰ ਗੁਰਜੰਟ ਸਿੰਘ ਵਾਸੀ ਵਾਰਡ ਨੰਬਰ 17 ਮੁਹੱਲਾ ਬਾਬਾ ਜੀਵਨ ਸਿੰਘ ਧਰਮਸ਼ਾਲਾ ਮਾਨਸਾ, ਹਰਬੰਸ ਸਿੰਘ ਉਰਫ ਨਿਕੜੀ ਪੁੱਤਰ ਬੀਰਾ ਸਿੰਘ ਵਾਸੀ ਵਾਰਡ ਨੰਬਰ 17 ਨੇੜੇ ਡੂੰਮਾ ਵਾਲਾ ਗੁਰੂਦੁਆਰਾ ਸਾਹਿਬ ਮਾਨਸਾ, ਸੁਖਵਿੰਦਰ ਸਿੰਘ ਉਰਫ ਬੋਬੀ ਪੁੱਤਰ ਲੇਟ ਭੋਲਾ ਸਿੰਘ ਵਾਸੀ ਮੋੜ ਜਿਲ੍ਹਾ ਬਠਿੰਡਾ ਹਾਲ ਵਾਸੀ ਜਵਾਹਰਕੇ ਜਿਲ੍ਹਾ ਮਾਨਸਾ ਸ਼ਾਮਲ ਹਨ।

ਉਪਰੋਕਤ ਦੋਸੀਆਨ ਨੂੰ ਮਿ ਨੇੜੇ ਪਿੰਡ ਬੁੱਟਾ ਸਿੰਘ ਵਾਲਾ ਸਨੌਰ (ਦੇਵੀਗੜ੍ਹ ਪਟਿਆਲਾ ਰੋਡ) ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਗ੍ਰਿਫ਼ਤਾਰੀ ਦੋਰਾਨ ਇੰਨ੍ਹਾ ਪਾਸੋਂ 3 ਪਿਸਟਲ ਸਮੇਤ 18 ਰੋਦ ਬਰਾਮਦ ਕੀਤੇ ਗਏ ਹਨ ਜਿੰਨਾ ਵਿੱਚ 2 ਦੋਸੀਆਨ ਗੁਰਸੇਵਕ ਸਿੰਘ ਉਰਫ ਸੇਵਕ ਸਿੰਘ ਉਰਫ ਬਿੱਜੂ ਅਤੇ ਸੰਦੀਪ ਸਿੰਘ ਉਰਫ ਸੁੱਖਾ ਜੋ ਕਿ ਪਾਤੜਾ ਫਾਇਰਿੰਗ ਕੇਸ (ਮ:ਨੰ: 180/2024 ਥਾਣਾ ਪਾਤੜਾ) ਵਿੱਚ ਵਾਟਿਡ ਸਨ ਅਤੇ ਗੁਰਸੇਵਕ ਸਿੰਘ ਉਰਫ ਸੇਵਕ ਸਿੰਘ ਉਰਫ ਬਿੱਜੂ ਪਾਸੋ ਬਰਾਮਦ ਹੋਇਆ 32 ਬੋਰ ਪਿਸਟਲ ਜੋ ਕਿ ਪਾਤੜਾ ਫਾਇਰਿੰਗ ਵਿੱਚ ਵਰਤਿਆਂ ਸੀ ਵੀ ਬਰਾਮਦ ਹੋਇਆ ਹੈ। ਜੋ ਗ੍ਰਿਫ਼ਤਾਰ ਕੀਤੇ ਦੋਸੀਆਨ ਪੰਜਾਬ ਵਿੱਚ ਫਿਰੋਤੀ ਅਤੇ ਲੁੱਟਖੋਹ ਦੀਆਂ ਵਾਰਦਾਤਾਂ ਵਿੱਚ ਸਾਮਲ ਰਹੇ ਹਨ। ਗ੍ਰਿਫ਼ਤਾਰੀ ਅਤੇ ਬ੍ਰਾਮਦਗੀ ਬਾਰੇ ਜਾਣਕਾਰੀ :- ਐਸ.ਐਸ.ਪੀ. ਪਟਿਆਲਾ ਨੇ ਵਿਸਥਾਰ ਵਿੱਚ ਦੱਸਿਆ ਕਿ ਪਟਿਆਲਾ ਪੁਲਿਸ ਨੂੰ ਗੁਪਤ ਸੂਚਨਾ ਦੇ ਅਧਾਰ ਪਰ ਅਪਰਾਧਿਕ ਅਨਸਰ ਜਿੰਨ੍ਹਾ ਦੇ ਖਿਲਾਫ ਕਤਲ, ਨਸਾ ਤਸਕਰੀ ਅਤੇ ਲੁੱਟਖੋਹ ਆਦਿ ਦੇ ਮੁਕੱਦਮੇ ਦਰਜ ਹਨ ਅਤੇ ਇਹ ਪੰਜਾਬ ਦੇ ਵੱਖ ਵੱਖ ਥਾਵਾਂ ਤੇ ਫਿਰੋਤੀ ਅਤੇ ਲੁੱਟਖੋਹ ਦੀਆਂ ਵਾਰਦਾਤਾਂ ਵਿੱਚ ਸਾਮਲ ਹਨ ਜੋ ਇਹ ਸਾਰੇ ਅਪਰਾਧੀ ਆਪਸ ਵਿੱਚ ਰਲਕੇ ਪਟਿਆਲਾ ਤੇ ਇਸ ਦੇ ਆਸਪਾਸ ਕਿਸੇ ਵੱਡੀ ਲੁੱਟਖੋਹ ਦੀ ਵਾਰਦਾਤ ਨੂੰ ਅੰਜਾਮ ਦੇਣ ਦੀ ਤਾਂਕ ਵਿੱਚ ਸਨ।

ਐਸ.ਐਸ.ਪੀ. ਪਟਿਆਲਾ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਵਿਅਕਤੀਆਂ ਦਾ ਅਪਰਾਧਿਕ ਪਿਛੋਕੜ ਹੈ ਜਿਹਨਾ ਦੇ ਖਿਲਾਫ ਕਤਲ, ਇਰਾਦਾ, ਲੁੱਟਖੋਹ, ਸਨੈਚਿੰਗ ਆਦਿ ਮੁਕੱਦਮੇ ਦਰਜ ਹਨ ਜੋ ਹੁਣ ਪਿਛਲੇ ਕਾਫੀ ਸਮੇਂ ਤੋ ਪੰਜਾਬ ਵਿੱਚ ਕਈ ਫਿਰੋਤੀ ਦੀ ਵਾਰਦਾਤਾਂ ਵਿੱਚ ਵੀ ਸਾਮਲ ਚਲ ਰਹੇ ਸਨ। ਗੁਰਸੇਵਕ ਸਿੰਘ ਉਰਫ ਸੇਵਕ ਸਿੰਘ ਬਿੱਜੂ, ਸੰਦੀਪ ਸਿੰਘ ਉਰਫ ਸੁੱਖਾ, ਸੁਖਵੀਰ ਸਿੰਘ ਉਰਫ ਵਿਸਾਲ ਸਿੰਘ ਅਤੇ ਹਰਬੰਸ ਸਿੰਘ ਵੱਖ ਵੱਖ ਜੇਲਾਂ ਵਿੱਚ ਬਠਿੰਡਾ, ਸੰਗਰੂਰ, ਮਾਨਸਾ ਆਦਿ ਵਿੱਚ ਰਹੇ ਹਨ। ਜਿੰਨ੍ਹਾ ਦੀ ਜੇਲ ਅੰਦਰ ਹੀ ਆਪਸੀ ਜਾਣ ਪਹਿਚਾਣ ਹੋਈ ਹੈ। ਸੰਦੀਪ ਸਿੰਘ ਉਰਫ ਸੁੱਖਾ ਕਰੀਬ ਪੋਣੇ 2 ਸਾਲ ਨਸ਼ਾ ਤਸਕਰੀ ਦੇ ਕੇਸ ਵਿੱਚ ਵੱਖ-ਵੱਖ ਜੇਲਾਂ ਵਿੱਚ ਬੰਦ ਰਿਹਾ ਹੈ।

ਦੋਸੀਆਨ ਦੀ ਪੁੱਛਗਿੱਛ ਤੋ ਇਹ ਗੱਲ ਸਾਹਮਣੇ ਆਈ ਹੈ ਕਿ ਇਹ ਪੰਜਾਬ ਦੇ ਵੱਖ ਵੱਖ ਥਾਵਾ ਤੇ ਫਿਰੋਤੀਆਂ ਦੀ ਵੀ ਮੰਗ ਕਰ ਰਹੇ ਸਨ ਇਹਨਾ ਵੱਲੋਂ ਕੋਈ ਹੋਰ ਲੁੱਟਖੋਹ ਦੀਆਂ ਵਾਰਦਾਤਾਂ ਨੂੰ ਪਟਿਆਲਾ ਤੇ ਆਸਪਾਸ ਦੇ ਏਰੀਆਂ ਵਿੱਚ ਅੰਜਾਮ ਦੇਣਾ ਸੀ ਇੰਨਾ ਵੱਲੋਂ ਕੀਤੀਆਂ ਲੁੱਟਖੋਹ ਅਤੇ ਫਿਰੋਤੀ ਦੀਆਂ ਵਾਰਦਾਤਾਂ ਬਾਰੇ ਪੁਲਿਸ ਟੀਮ ਪੂਰੀ ਬਰੀਕੀ ਨਾਲ ਜਾਂਚ ਕਰ ਰਹੀ ਹੈ।ਇਨਾ ਦੋਸੀਆ ਦਾ ਪੁਲਿਸ ਰਿਮਾਂਡ ਹਾਸਲ ਕਰਕੇ ਹੋਰ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ।

ਜੋੜੀਆਂ ਭੱਠੀਆਂ ਚੌਕ ਦੀ ਸ਼੍ਰੀ ਰਾਮ ਲੀਲਾ 'ਚ ਸ਼੍ਰੀ ਰਾਮ ਅਤੇ ਭਰਤ ਮਿਲਾਪ ਦੇ ਦ੍ਰਿਸ਼ ਨੇ ਸਭ ਦੀਆਂ ਅੱਖਾਂ ਕੀਤੀਆਂ ਨਮ

ਪਟਿਆਲਾ, 10 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਜੋੜੀਆਂ ਭੱਠੀਆਂ ਰੌਇਲ ਯੂਥ ਕਲੱਬ ਅਤੇ ਸ਼੍ਰੀ ਰਾਮ ਲੀਲਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਧਾਨ ਵਰੁਣ ਜਿੰਦਲ ਦੀ ਦੇਖ-ਰੇਖ ਵਿੱਚ ਜੋੜੀਆਂ ਭੱਠੀਆਂ ਚੌਕ 'ਚ ਆਯੋਜਿਤ ਸ਼੍ਰੀ ਰਾਮ ਲੀਲਾ ਦੇ ਪੰਜਵੇਂ ਦਿਨ ਪ੍ਰਭੂ ਸ਼੍ਰੀ ਰਾਮ, ਮਾਤਾ ਸੀਤਾ ਅਤੇ ਲਕਸ਼ਮਣ ਦੇ ਵਨ ਜਾਣ ਅਤੇ ਸ਼੍ਰੀ ਰਾਮ-ਭਰਤ ਮਿਲਾਪ ਦੇ ਦ੍ਰਿਸ਼ ਨੇ ਪੰਡਾਲ 'ਚ ਬੈਠੇ ਸਾਰੇ ਲੋਕਾਂ ਦੀਆਂ ਅੱਖਾਂ ਨਮ ਕਰ ਦਿੱਤੀਆਂ ਅਤੇ ਸਾਰਾ ਪੰਡਾਲ ਰਾਮ ਨਾਮ ਦੇ ਜੈਕਾਰਿਆਂ ਨਾਲ ਗੂੰਜ ਉਠਿਆ।

ਰਾਮ ਭਗਤ ਲੈ ਚਲਾ ਰੇ ਰਾਮ ਦੀ ਨਿਸ਼ਾਨੀ... ਭਜਨ ਨੇ ਤਾਂ ਸਾਰਿਆਂ ਨੂੰ ਹੀ ਭਾਵੁਕ ਕਰ ਦਿੱਤਾ। ਇਸ ਦੇ ਨਾਲ ਹੀ ਪੰਜਵੇਂ ਨਵਰਾਤਰ ਨੂੰ ਸ਼੍ਰੀ ਰਾਮ-ਮਾਤਾ ਸੀਤਾ ਅਤੇ ਲਕਸ਼ਮਣ ਦੇ ਵਨ ਨੂੰ ਜਾਣ, ਸ਼੍ਰੀ ਰਾਮ ਨੂੰ ਨਦੀ ਪਾਰ ਕਰਵਾਉਂਦੇ ਕੇਵਟ, ਸ਼੍ਰੀ ਰਾਮ-ਭਰਤ ਮਿਲਾਪ, ਪੰਚਵਟੀ 'ਚ ਸ਼ੂਰਪਣਖਾ, ਖਰ-ਦੂਸ਼ਣ ਵਧ, ਰਾਵਣ-ਮਾਰੀਚ ਸੰਵਾਦ ਦੇ ਸੁੰਦਰ ਦ੍ਰਿਸ਼ ਪ੍ਰਸਤੁਤ ਕੀਤੇ ਗਏ।

ਪ੍ਰਧਾਨ ਵਰੁਣ ਜਿੰਦਲ ਨੇ ਕਿਹਾ ਕਿ ਸ਼੍ਰੀ ਰਾਮ ਦਾ ਜੀਵਨ ਬਹੁਤ ਹੀ ਪ੍ਰੇਰਣਾਦਾਇਕ ਹੈ, ਜਿਨ੍ਹਾਂ ਤੋਂ ਮਾਤਾ-ਪਿਤਾ ਦੀ ਆਗਿਆ ਦਾ ਪਾਲਣ ਕਰਨਾ, ਭਰਾ-ਭਰਾ ਦਾ ਪਿਆਰ, ਵੱਡੇ ਭਰਾ ਲਈ ਤਿਆਗ, ਭਗਤੀ ਸਣੇ ਵੱਖ-ਵੱਖ ਸਿੱਖਿਆਵਾਂ ਮਿਲਦੀਆਂ ਹਨ। ਇਸ ਲਈ ਸਾਰੇ ਮਾਤਾ-ਪਿਤਾ ਆਪਣੇ ਬੱਚਿਆਂ ਨੂੰ ਸ਼੍ਰੀ ਰਾਮ ਲੀਲਾ ਜ਼ਰੂਰ ਵਿਖਾਉਣ, ਤਾਂ ਜੋ ਸਾਡੀ ਨਵੀਂ ਪੀੜ੍ਹੀ ਨੂੰ ਧਰਮ ਅਤੇ ਸੰਸਕ੍ਰਿਤੀ ਦਾ ਗਿਆਨ ਮਿਲ ਸਕੇ। ਉਨ੍ਹਾਂ ਦੱਸਿਆ ਕਿ ਸ਼੍ਰੀ ਰਾਮ ਦਾ ਕਿਰਦਾਰ ਨੀਰਜ ਸ਼ਰਮਾ, ਮਾਤਾ ਸੀਤਾ ਦਾ ਸੋਨਾਸ਼ੀ ਕੌਸ਼ਲ, ਲਕਸ਼ਮਣ ਦਾ ਗੌਰਵ ਗੋਇਲ, ਭਰਤ ਦਾ ਜਤਿਨ, ਸ਼ਤਰੂਘਨ ਦਾ ਪਾਰਥ ਭੱਲਾ, ਰਾਵਣ ਦਾ ਦਕਸ਼ ਰਾਜਪੂਤ, ਸ਼ੂਰਪਣਖਾ ਦਾ ਦੀਪਿਕਾ ਸ਼ਰਮਾ ਤੇ ਕਨੁਪ੍ਰਿਆ, ਕੇਵਟ ਦਾ ਆਰਕੇ ਅਰੋੜਾ ਸਮੇਤ ਮੋਕਸ਼ਾ, ਜੱਸੀ, ਰਿਤੂ, ਕਣਵ, ਰੋਹਿਤ ਗੁਪਤਾ, ਆਦਿਤਿਆ ਸ਼ਰਮਾ, ਅਨਮੋਲ, ਜਸ਼ਨ, ਦਕਸ਼, ਸ਼ਿਵਮ, ਚੇਤਨ ਸ਼ਰਮਾ ਤੇ ਅੰਕਿਤ ਨੇ ਵੱਖ-ਵੱਖ ਕਿਰਦਾਰਾਂ ਦੀ ਭੂਮਿਕਾ ਨਿਭਾਈ।

ਸ੍ਰੀ ਰਾਮਲੀਲਾ ਕਮੇਟੀ (ਰਜਿ.) ਵੱਲੋਂ ਰਾਮ ਜਨਮ ਲੀਲਾ ਦਿਖਾਈ ਗਈ

ਮਲੇਰਕੋਟਲਾ, 10 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਸ੍ਰੀ ਰਾਮਲੀਲਾ ਕਮੇਟੀ (ਰਜਿ.) ਨਜ਼ਦੀਕ ਸਰਵਹਿੱਤਕਾਰੀ ਸ਼ਿਸ਼ੂ ਵਾਟਿਕਾ ਵਿਖੇ ਚੇਅਰਮੈਨ ਸੁਨੀਲ ਕੁਮਾਰ ਵਾਸ਼ਿਸ਼ਟ ਅਤੇ ਪ੍ਰਧਾਨ ਲੋਕੇਸ਼ ਜੈਨ ਦੀ ਅਗਵਾਈ ਹੇਠ ਦੂਜੇ ਦਿਨ ਰਾਮ ਜਨਮ ਅਤੇ ਵਿਸ਼ਵਾਮਿੱਤਰ ਯੱਗ ਭੰਗ ਲੀਲਾ ਗਈ।

ਅੱਜ ਦੀ ਲੀਲਾ ਦੌਰਾਨ ਫਿੱਤਾ ਰਸਮ ਪਟਿਆਲਾ ਹਸਪਤਾਲ ਦੇ ਐਮ.ਡੀ. ਡਾ. ਸੰਜੀਵ ਗੋਇਲ ਅਤੇ ਅਰੋੜਾ ਅੱਖਾ ਦਾ ਹਸਪਤਾਲ ਦੇ ਐਮ.ਡੀ. ਡਾ. ਰਾਕੇਸ਼ ਅਰੋੜਾ ਵੱਲੋਂ ਨਿਭਾਈ ਗਈ। ਇਸ ਮੌਕੇ 'ਤੇ ਜਨਰਲ ਸਕੱਤਰ ਪ੍ਰਦੀਪ ਜੈਨ ਓਸਵਾਲ, ਨਰਿੰਦਰ ਸੂਦ, ਅਰਵਿੰਦ ਭਾਰਦਵਾਜ, ਭਾਜਪਾ ਦੇ ਜ਼ਿਲ ਾ ਪ੍ਰਧਾਨ ਅਮਨ ਥਾਪਰ, ਵੈਦ ਮੋਹਨ ਲਾਲ, ਸੰਜੇ ਕੁਮਾਰ, ਗਗਨ ਜੈਨ, ਅੰਕਿਤ ਭਾਟੀਆ, ਰਾਜ ਗਾਬਾ, ਚੇਤਨ ਜੈਨ, ਰਜਤ ਜੈਨ, ਧਰਮਿੰਦਰ ਕੁਮਾਰ, ਅਕਾਸ਼ ਗੁਪਤਾ, ਨਿਤੀਸ਼ ਹਸੀਜਾ, ਵਿਪੁਲ ਜੈਨ, ਮੋਹਿਤ ਗਰਗ, ਕੁਨਾਲ ਰਿਖੀ ਆਦਿ ਹਾਜ਼ਰ ਸਨ।

ਪਿੰਡ ਦੌਣਕਲਾਂ ਵਿਖੇ ਪਰਾਲੀ ਪ੍ਰਬੰਧਨ ਸਬੰਧੀ ਜਾਗਰੂਕਤਾ ਕੈਂਪ ਤੇ ਨੁੱਕੜ ਨਾਟਕ ਕਰਵਾਇਆ

ਪਟਿਆਲਾ, 10 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਪਟਿਆਲਾ ਦੇ ਪਿੰਡ ਦੌਣਕਲਾਂ ਵਿਖੇ ਪਰਾਲੀ ਪ੍ਰਬੰਧਨ ਸਬੰਧੀ ਜਾਗਰੂਕਤਾ ਕੈਂਪ ਤੇ ਨੁੱਕੜ ਨਾਟਕ ਕਰਵਾਇਆ ਗਿਆ, ਜਿਸ ਵਿੱਚ ਆਲੇ ਦੁਆਲੇ ਦੇ ਕਰੀਬ ਅੱਧਾ ਦਰਜਨ ਪਿੰਡਾਂ ਦੇ ਕਿਸਾਨਾਂ ਨੇ ਸ਼ਮੂਲੀਅਤ ਕੀਤੀ।

ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਮੁੱਖ ਖੇਤੀਬਾੜੀ ਅਫ਼ਸਰ ਡਾ. ਜਸਵਿੰਦਰ ਸਿੰਘ ਦੀ ਅਗਵਾਈ ਹੇਠ ਬਲਾਕ ਖੇਤੀਬਾੜੀ ਅਫ਼ਸਰ ਡਾ. ਗੁਰਮੀਤ ਸਿੰਘ ਵੱਲੋਂ ਲਗਾਏ ਗਏ ਜਾਗਰੂਕਤਾ ਕੈਂਪ ਦੌਰਾਨ ਖੇਤੀਬਾੜੀ ਵਿਸਥਾਰ ਅਫ਼ਸਰ ਡਾ. ਰਵਿੰਦਰਪਾਲ ਸਿੰਘ ਚੱਠਾ ਵੱਲੋਂ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਸਬੰਧੀ 'ਉੱਨਤ ਕਿਸਾਨ' ਐਪ ਦੀ ਵਰਤੋਂ ਕਰਨ ਸ

ਫਗਵਾੜਾ 'ਚ ਹੋਈ ਇੰਟਕ ਯੂਨੀਅਨ ਪੰਜਾਬ ਦੀ ਸੂਬਾ ਪੱਧਰੀ ਮੀਟਿੰਗ, ਵਰਕਰਾਂ ਨਾਲ ਹੋ ਰਹੀ ਧੱਕੇਸ਼ਾਹੀ ਬਾਰੇ ਹੋਈ ਚਰਚਾ

ਏਜੰਸੀਆਂ

ਫਗਵਾੜਾ 10 ਅਕਤੂਬਰ। ਇੰਟਕ ਯੂਨੀਅਨ ਕਾਂਗਰਸ ਪੰਜਾਬ ਦੀ ਸੂਬਾ ਪੱਧਰੀ ਮੀਟਿੰਗ ਜੇ.ਸੀ.ਟੀ. ਮਿੱਲ ਫਗਵਾੜਾ ਦੇ ਕਮਿਊਨਿਟੀ ਹਾਲ ਵਿੱਚ ਹੋਈ। ਯੂਨੀਅਨ ਦੇ ਪੰਜਾਬ ਪ੍ਰਧਾਨ ਸੁਰਿੰਦਰ ਸ਼ਰਮਾ ਦੀ ਪ੍ਰਧਾਨਗੀ ਹੇਠ ਆਯੋਜਿਤ ਇਸ ਮੀਟਿੰਗ ਵਿੱਚ ਹਲਕਾ

ਵਿਧਾਇਕ ਤੇ ਜ਼ਿਲ੍ਹਾ ਕਪੂਰਥਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਬਲਵਿੰਦਰ ਸਿੰਘ ਧਾਲੀਵਾਲ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਮੀਟਿੰਗ ਦੌਰਾਨ ਮਿੱਲ ਮਾਲਕਾਂ ਅਤੇ ਪ੍ਰਬੰਧਕਾਂ ਵੱਲੋਂ ਜੇ.ਸੀ.ਟੀ. ਮਿੱਲ ਵਰਕਰਾਂ ਨਾਲ ਕੀਤੀ ਜਾ ਰਹੀ ਧੱਕੇਸ਼ਾਹੀ ਸਮੇਤ ਵੱਖ-ਵੱਖ ਮੁੱਦਿਆਂ 'ਤੇ ਡੂੰਘਾਈ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ। ਪੰਜਾਬ ਪ੍ਰਧਾਨ ਸੁਰਿੰਦਰ ਸ਼ਰਮਾ ਨੇ ਮਿੱਲ ਮਾਲਕਾਂ ਸਮੀਰ ਥਾਪਰ ਅਤੇ ਮੁਕਲਿਕਾ ਸਿਨਹਾ ਨੂੰ ਸਪੱਸ਼ਟ ਸ਼ਬਦਾਂ ਵਿੱਚ ਚੇਤਾਵਨੀ ਦਿੱਤੀ ਕਿ ਮਿੱਲ ਮਜ਼ਦੂਰਾਂ ਦੀਆਂ ਮੰਗਾਂ ਸਮੇਂ ਸਿਰ ਮੰਨੀਆਂ ਜਾਣ ਨਹੀਂ ਤਾਂ ਤਿੱਖਾ ਅੰਦੋਲਨ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜੇਕਰ ਮਿੱਲ ਮਾਲਕਾਂ ਨੇ ਜਲਦੀ ਹੀ ਮਜ਼ਦੂਰਾਂ ਨੂੰ ਉਨ੍ਹਾਂ ਦੇ ਹੱਕ ਨਾ ਦਿੱਤੇ ਤਾਂ ਪੰਜਾਬ ਭਰ ਦੀਆਂ ਇੰਟਕ ਯੂਨੀਅਨਾਂ ਦੇ ਵਰਕਰ ਅਤੇ ਅਧਿਕਾਰੀ ਮਿੱਲ ਅੱਗੇ ਧਰਨਾ ਦੇਣ ਲਈ ਮਜਬੂਰ ਹੋਣਗੇ। ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਕਿਹਾ ਕਿ ਇੰਟਕ ਕਾਂਗਰਸ ਪਾਰਟੀ ਦੀ ਮਜ਼ਬੂਤ ਇਕਾਈ ਹੈ। ਕਾਂਗਰਸ ਪਾਰਟੀ ਪਹਿਲਾਂ ਵੀ ਹਰ ਸੰਘਰਸ਼ ਵਿੱਚ ਸਹਿਯੋਗ ਦਿੰਦੀ ਰਹੀ ਹੈ ਅਤੇ ਭਵਿੱਖ ਵਿੱਚ ਵੀ ਸਹਿਯੋਗ ਦਿੰਦੀ ਰਹੇਗੀ। ਉਨ੍ਹਾਂ ਮਿੱਲ ਕਾਮਿਆਂ ਦੀਆਂ ਮੰਗਾਂ ਨੂੰ ਬਿਲਕੁਲ ਜਾਇਜ਼ ਦੱਸਦਿਆਂ ਕਿਹਾ ਕਿ ਮਜ਼ਦੂਰਾਂ ਨੂੰ ਉਨ੍ਹਾਂ ਦਾ ਪਸੀਨਾ ਸੁੱਕਣ ਤੋਂ ਪਹਿਲਾਂ ਮਿਹਨਤ ਦਾ ਮੁਆਵਜ਼ਾ ਦਿੱਤਾ ਜਾਣਾ ਚਾਹੀਦਾ ਹੈ ਪਰ ਦੁੱਖ ਦੀ ਗੱਲ ਹੈ ਕਿ ਜੇ.ਸੀ.ਟੀ. ਮਿੱਲ ਦੇ ਮਜ਼ਦੂਰ ਪਿਛਲੇ ਲੰਮੇ ਸਮੇਂ ਤੋਂ ਆਪਣੇ ਹੱਕਾਂ ਲਈ ਸੰਘਰਸ਼ ਕਰ ਰਹੇ ਹਨ

ਪੰਚਾਇਤੀ ਚੋਣਾਂ ਵਿਚਾਲੇ ਪੰਜਾਬ ਪੁਲਸ ਦੇ ਮੁਲਾਜਮਾਂ ਲਈ ਵਿਸ਼ੇਸ਼ ਹਦਾਇਤਾਂ ਜਾਰੀ

ਸਰਦੂਲ ਸਿੰਘ

ਲੁਧਿਆਣਾ 10 ਅਕਤੂਬਰ। ਪੰਚਾਇਤੀ ਚੋਣਾਂ ਕਾਰਨ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਲੁਧਿਆਣਾ ਕਮਿਸ਼ਨਰੇਟ ਪੁਲਸ ਨੇ ਪਲਾਨ ਤਿਆਰ ਕੀਤਾ ਹੈ, ਜਿਸ ਦੇ ਤਹਿਤ ਪੂਰੇ ਸ਼ਹਿਰ 'ਚ ਸਪੈਸ਼ਲ ਨਾਕਾਬੰਦੀ ਕੀਤੀ ਜਾ ਰਹੀ ਹੈ। ਚਾਰੇ ਜ਼ੋਨਾਂ 'ਚ ਸ਼ਹਿਰ ਨੂੰ ਵੰਡ ਕੇ ਏ. ਡੀ. ਸੀ. ਪੀ. ਅਤੇ ਏ. ਸੀ. ਪੀ. ਰੈਂਕ ਦੇ ਅਧਿਕਾਰੀਆਂ ਨੂੰ ਨਿਗਰਾਨੀ ਰੱਖਣ ਲਈ ਕਿਹਾ ਗਿਆ ਹੈ। ਇਸ ਦੇ ਨਾਲ ਹੀ ਨਾਕਾਬੰਦੀ 'ਤੇ ਮੌਜੂਦ ਟੀਮਾਂ ਆਪਣੀ-ਆਪਣੀ ਲੋਕੇਸ਼ਨ ਅਤੇ ਫੋਟੋ ਅਧਿਕਾਰੀਆਂ ਨੂੰ ਵ੍ਹਟਸਐਪ 'ਤੇ ਭੇਜਣਗੀਆਂ, ਤਾਂ ਕਿ ਕੋਈ ਪੁਲਸ ਮੁਲਾਜ਼ਮ ਨਾਕਾਬੰਦੀ ਛੱਡ ਕੇ ਨਾ ਜਾ ਸਕੇ। ਅਸਲ 'ਚ, ਪੰਚਾਇਤ ਚੋਣ ਨੂੰ ਲੈ ਕੇ ਜਿਥੇ ਪੂਰੇ ਪੰਜਾਬ 'ਚ ਸਿਆਸਤ ਗਰਮਾਈ ਹੋਈ ਹੈ, ਉਥੇ ਚੋਣ ਕਮਿਸ਼ਨ ਦੇ ਹੁਕਮ 'ਤੇ ਪੰਜਾਬ ਪੁਲਸ ਨੇ ਵੀ ਸੁਰੱਖਿਆ ਸਬੰਧੀ ਪੂਰੀ ਤਿਆਰੀ ਕੱਸ ਲਈ ਹੈ। ਮਹਾਨਗਰ ਦੀ ਗੱਲ ਕੀਤੀ ਜਾਵੇ ਤਾਂ ਨਗਰ ਨਿਗਮ ਦੇ 95 ਵਾਰਡਾਂ ਤੋਂ ਇਲਾਵਾ ਕਈ ਪੇਂਡੂ ਇਲਾਕੇ ਵੀ ਹਨ, ਜਿਥੇ ਪੰਚਾਂ ਅਤੇ ਸਰਪੰਚਾਂ ਦੀ ਚੋਣ ਹੁੰਦੀ ਹੈ। ਥਾਣਾ ਬਸਤੀ ਜੋਧੇਵਾਲ, ਸਲੇਮ ਟਾਬਰੀ, ਥਾਣਾ ਸਦਰ, ਥਾਣਾ ਮੇਹਰਬਾਨ, ਥਾਣਾ ਸਾਹਨੇਵਾਲ, ਥਾਣਾ ਡੇਹਲੋਂ, ਥਾਣਾ ਸਰਾਭਾ ਨਗਰ, ਥਾਣਾ ਪੀ. ਏ. ਯੂ., ਥਾਣਾ ਲਾਡੋਵਾਲ, ਥਾਣਾ ਹੈਬੋਵਾਲ, ਥਾਣਾ ਫੋਕਲ ਪੁਆਇੰਟ, ਜਮਾਲਪੁਰ, ਥਾਣਾ ਕੂਮ ਕਲਾਂ ਅਤੇ ਥਾਣਾ ਟਿੱਬਾ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ। ਪੁਲਸ ਨੇ ਮਹਾਨਗਰ ਨੂੰ ਚਾਰ ਜ਼ੋਨਾਂ 'ਚ ਵੰਡਿਆ ਹੈ। ਹਰ ਏ. ਡੀ. ਸੀ. ਪੀ. ਅਤੇ ਏ. ਸੀ. ਪੀ. ਦੀ ਅਗਵਾਈ 'ਚ ਅਤੇ ਥਾਣਾ ਮੁਖੀ ਦੀ ਨਿਗਰਾਨੀ 'ਚ ਨਾਕਾਬੰਦੀ ਹੋਵੇਗੀ, ਜਿਥੇ ਉਥੋਂ ਗੁਜ਼ਰਨ ਵਾਲੇ ਹਰ ਵਾਹਨ ਦੀ ਤਲਾਸ਼ੀ ਲਈ ਜਾਵੇਗੀ। ਇਸ ਦਾ ਬਾਕਾਇਦਾ ਵੀਡੀਓ ਵੀ ਬਣਾਉਣ ਦੇ ਹੁਕਮ ਜਾਰੀ ਹਨ। ਪੁਲਸ ਟੀਮ ਨੂੰ ਰੱਸੀ ਦੇ ਨਾਲ ਨਾਲ ਡ੍ਰੋਗਨ ਲਾਈਟ ਅਤੇ ਵੀਡੀਓ ਕੈਮਰੇ ਦਾ ਇੰਤਜ਼ਾਮ ਵੀ ਖੁਦ ਹੀ ਕਰਨਾ ਪਵੇਗਾ, ਜਿਸ ਤੋਂ ਬਾਅਦ ਪੁਲਸ ਨੇ ਇਸ ਦੀ ਤਿਆਰ ਕਰ ਲਈ ਹੈ। ਪੁਲਸ ਨੇ ਹਰ ਥਾਣੇ ਦੇ ਵੱਖ-ਵੱਖ ਇਲਾਕਿਆਂ 'ਚ ਨਾਕਾਬੰਦੀ ਕੀਤੀ ਹੈ। ਏ. ਡੀ. ਸੀ. ਪੀ.-1 ਦੀ

ਅਗਵਾਈ 'ਚ ਬਸਤੀ ਜੋਧੇਵਾਲ ਪੁਲਸ ਕਾਕੋਵਾਲ ਸਕੂਲ ਦੇ ਕੋਲ, ਫਾਂਬੜਾ ਸਕੂਲ ਕੋਲ, ਥਾਣਾ ਸਲੇਮ ਟਾਬਰੀ ਪੁਲਸ ਜਲੰਧਰ ਬਾਈਪਾਸ ਦੇ ਨੇੜੇ, ਪਿੰਡ ਭੱਟੀਆਂ ਸਥਿਤ ਡਾ. ਅੰਬੇਡਕਰ ਭਵਨ ਚੌਕ, ਬਹਾਦਰਕੇ ਰੋਡ ਸਥਿਤ ਉਦਯੋਗ ਚੌਕ ਵਿਖੇ ਨਾਕਾਬੰਦੀ ਕਰੇਗੀ। ਇਸ ਦੇ ਨਾਲ ਏ. ਡੀ. ਸੀ. ਪੀ.-2 ਦੀ ਅਗਵਾਈ 'ਚ ਥਾਣਾ ਸਦਰ ਦੀ ਪੁਲਸ ਪੱਖੋਵਾਲ ਰੋਡ ਸਥਿਤ ਲਲਤੋਂ ਚੌਕ, ਧਾਂਦਰਾ ਰੋਡ ਸਥਿਤ ਸਿਟੀ ਐਨਕਲੇਵ, ਪੀ. ਪੀ. ਮਰਾਡੋ ਦੇ ਸਾਹਮਣੇ, ਪੱਖੋਵਾਲ ਰੋਡ ਸਥਿਤ ਬੀ-7 ਚੌਕ ਵਿਖੇ ਨਾਕਾਬੰਦੀ ਕੀਤੀ ਜਾਵੇਗੀ। ਇਸ ਤੋਂ ਇਲਾਵਾ ਥਾਣਾ ਸਾਹਨੇਵਾਲ ਦੀ ਪੁਲਸ ਸਾਹਨੇਵਾਲ ਚੌਕ, ਅਤਰਸਰ ਸਾਹਿਬ ਗੁਰਦੁਆਰਾ ਸਾਹਿਬ ਦੇ ਸਾਹਮਣੇ ਨਾਕਾਬੰਦੀ ਕਰੇਗੀ। ਇਸ ਤੋਂ ਇਲਾਵਾ ਏ. ਡੀ. ਸੀ. ਪੀ.-3 ਦੀ ਅਗਵਾਈ 'ਚ ਥਾਣਾ ਸਰਾਭਾ ਨਗਰ ਦੀ ਪੁਲਸ ਇਆਲੀ ਚੌਕ ਅਤੇ ਸਾਊਥ ਸਿਟੀ ਪੁਲ, ਰਾਜਗੁਰੂ ਨਗਰ ਮਾਰਕੀਟ ਦੇ ਕੋਲ ਨਾਕਾਬੰਦੀ ਕੀਤੀ ਜਾਵੇਗੀ। ਥਾਣਾ ਪੀ. ਏ. ਯੂ. ਦੀ ਪੁਲਸ ਵੱਲੋਂ ਮਲਕਪੁਰ ਕੱਟ ਅਤੇ ਜੇ. ਕੇ. ਡੇਅਰੀ ਚੌਕ ਵਿਖੇ ਨਾਕਾਬੰਦੀ ਕੀਤੀ ਜਾਵੇਗੀ। ਇਸ ਤੋਂ ਇਲਾਵਾ ਗੱਲ ਕੀਤੀ ਜਾਵੇ ਤਾਂ ਥਾਣਾ ਲਾਡੋਵਾਲ ਦੀ ਪੁਲਸ ਹੰਬੜਾਂ ਚੌਕ ਅਤੇ ਨੁਰਪੁਰ ਬੇਟ ਕੋਲ ਨਾਕਾਬੰਦੀ ਕਰੇਗੀ। ਥਾਣਾ ਹੈਬੋਵਾਲ ਦੀ ਪੁਲਸ ਜਵਾਲਾ ਸਿੰਘ ਚੌਕ ਅਤੇ ਹੈਬੋਵਾਲ ਚੌਕ ਵਿਖੇ ਨਾਕਾਬੰਦੀ ਕਰੇਗੀ। ਏ. ਡੀ. ਸੀ. ਪੀ.-4 ਦੀ ਅਗਵਾਈ 'ਚ ਥਾਣਾ ਫੋਕਲ ਪੁਆਇੰਟ ਦੀ ਪੁਲਸ ਜੀਵਨ ਨਗਰ ਚੌਕ, ਕੋਹਾੜਾ ਚੌਕ, ਨੀਚੀ ਮੰਗਲੀ, ਈਸਟਮੈਨ ਚੌਕ, ਫੇਸ-7, ਢੰਡਾਰੀ ਪੁਲ ਚੌਕ ਵਿਖੇ ਨਾਕਾਬੰਦੀ ਕੀਤੀ ਜਾਵੇਗੀ। ਇਸ ਤੋਂ ਇਲਾਵਾ ਥਾਣਾ ਜਮਾਲਪੁਰ ਦੀ ਪੁਲਸ ਸੁੰਦਰ ਨਗਰ ਚੌਕ, ਮੁੰਡੀਆਂ ਕਲਾਂ, ਭਾਮੀਆਂ ਰੋਡ 'ਤੇ ਨਾਕਾਬੰਦੀ ਕਰੇਗੀ। ਥਾਣਾ ਕੂਮ ਕਲਾਂ ਦੀ ਪੁਲਸ ਚੰਡੀਗੜ੍ਹ ਰੋਡ ਸਥਿਤ ਕਟਾਣੀ ਕਲਾਂ ਚੌਕ ਵਿਖੇ ਨਾਕਾਬੰਦੀ ਕਰੇਗੀ। ਇਸ ਤੋਂ ਇਲਾਵਾ ਥਾਣਾ ਡਵੀਜ਼ਨ ਨੰ. 7 ਦੀ ਪੁਲਸ ਚੌਕੀ ਤਾਜਪੁਰ ਦੇ ਕੋਲ ਨਾਕਾ ਲਗਾਵੇਗੀ। ਥਾਣਾ ਟਿੱਬਾ ਦੀ ਪੁਲਸ ਰਾਹੋਂ ਰੋਡ ਚੁੰਗੀ ਅਤੇ ਸੰਧੂ ਕਾਲੋਨੀ ਦੇ ਕੋਲ ਨਾਕਾਬੰਦੀ ਕਰੇਗੀ। ਥਾਣਾ ਮੇਹਰਬਾਨ ਦੀ ਪੁਲਸ ਮੱਤੇਵਾੜਾ, ਹਵਾਸ-ਰਾਹੋਂ ਰੋਡ, ਪਿੰਡ ਮਾਂਗਟ ਅਤੇ ਪਿੰਡ ਧੌਲਾ 'ਚ ਨਾਕਾਬੰਦੀ ਕਰੇਗੀ। (ਹੈੱਡਕੁਆਰਟਰ) ਜਸਕਿਰਨਜੀਤ ਸਿੰਘ ਤੇਜਾ ਨੇ ਕਿਹਾ ਕਿ ਸ਼ਹਿਰ 'ਚ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਪੁਲਸ ਵਚਨਬੱਧ ਹੈ। ਪਹਿਲਾਂ ਤੋਂ ਹੀ ਪੁਲਸ ਸ਼ਹਿਰ 'ਚ ਨਾਕਾਬੰਦੀ ਕਰਦੀ ਆ ਰਹੀ ਹੈ ਪਰ ਪੰਚਾਇਤੀ ਚੋਣਾਂ ਅਤੇ ਤਿਉਹਾਰੀ ਸੀਜ਼ਨ ਕਾਰਨ ਪੁਲਸ ਵੱਲੋਂ ਸਪੈਸ਼ਲ ਨਾਕਾਬੰਦੀ ਕੀਤੀ ਜਾ ਰਹੀ ਹੈ

ਭੈਣ ਦੀ ਮੰਗਣੀ ਦੌਰਾਨ ਭਰਾ ਨੇ ਕਰ'ਤੀ ਫਾਇਰਿੰਗ, 7 ਸਾਲਾ ਮਾਸੂਮ ਦੀ ਮੌਤ

ਨੈਸ਼ਨਲ ਡੈਸਕ 10 ਅਕਤੂਬਰ। ਯੂ.ਪੀ. ਦੇ ਪ੍ਰਯਾਗਰਾਜ ਜ਼ਿਲ੍ਹੇ ਵਿੱਚ ਹੋਈ ਗੋਲੀਬਾਰੀ ਵਿੱਚ ਸੱਤ ਸਾਲਾ ਬੱਚੇ ਦੀ ਮੌਤ ਹੋਣ ਦੀ ਖਬਰ ਸਾਹਮਣੇ ਆਈ ਹੈ ਅਤੇ ਦੋ ਬੱਚੇ ਗੰਭੀਰ ਜਖਮੀ ਹਨ। ਦੋਵਾਂ ਦਾ ਨੇੜਲੇ ਹਸਪਤਾਲ 'ਚ ਇਲਾਜ ਚੱਲ ਰਿਹਾ ਹੈ। ਇਹ ਗੋਲੀਬਾਰੀ ਥਾਣਾ ਖੇਤਰ ਦੇ ਇੱਕ ਮੈਰਿਜ ਲਾਅਨ ਵਿੱਚ ਆਯੋਜਿਤ ਸਗਾਈ ਸਮਾਰੋਹ ਦੌਰਾਨ ਹੋਈ। ਫਿਲਹਾਲ ਪੁਲਸ ਟੀਮ ਮੌਕੇ 'ਤੇ ਪਹੁੰਚ ਕੇ ਜਾਂਚ ਕਰ ਰਹੀ ਹੈ। ਗੋਲੀ ਚਲਾਉਣ ਵਾਲੀ ਲੜਕੀ ਦਾ ਭਰਾ ਫਰਾਰ ਹੈ। ਮੰਗਣੀ ਸਮਾਰੋਹ ਕਰਛਨਾ ਦੇ ਇਕ ਮੈਰਿਜ ਲਾਅਨ 'ਚ ਆਯੋਜਿਤ ਕੀਤਾ ਗਿਆ ਸੀ। ਲੜਕੀ ਅਤੇ ਲੜਕੇ ਦੋਵਾਂ ਪੱਖਾਂ ਦੇ ਰਿਸਤੇਦਾਰ ਅਤੇ ਦੋਸਤ ਆਏ ਹੋਏ ਸਨ। ਦੋਵੇਂ ਪਾਸੇ ਖੁਸੀ ਦਾ ਮਾਹੌਲ ਸੀ। ਹਰ ਕੋਈ ਖਾਣ-ਪੀਣ ਦਾ

ਆਨੰਦ ਲੈ ਰਿਹਾ ਸੀ। ਇਸ ਦੌਰਾਨ ਇੱਕ ਅਜਿਹੀ ਘਟਨਾ ਵਾਪਰੀ ਜਿਸ ਨੇ ਸਭ ਨੂੰ ਹੈਰਾਨ ਕਰ ਦਿੱਤਾ। ਮੰਗਣੀ ਦੀ ਰਸਮ ਮੌਕੇ ਹੀ ਅਚਾਨਕ ਲੜਕੀ ਦਾ ਭਰਾ 12 ਬੋਰ ਦੀ ਬੰਦੂਕ ਲੈ ਕੇ ਆ ਗਿਆ ਅਤੇ ਅੰਨ੍ਹੇਵਾਹ ਗੋਲੀਆਂ ਚਲਾਉਣੀਆਂ ਸੁਰੂ ਕਰ ਦਿੱਤੀਆਂ। ਗੋਲੀਬਾਰੀ ਦੌਰਾਨ 7 ਸਾਲਾ ਮਾਸੂਮ ਕਾਰਤੀਕੇਅ ਨੂੰ ਗੋਲੀ ਲੱਗ ਗਈ। ਗੋਲੀ ਲੱਗਣ ਨਾਲ ਕਾਰਤੀਕੇਯ ਦੀ ਮੌਕੇ 'ਤੇ ਹੀ ਮੌਤ ਹੋ ਗਈ। 11 ਸਾਲ ਦੇ ਆਯੂਸ ਅਤੇ 10 ਸਾਲ ਦੀ ਅਰਾਧਨਾ ਨੂੰ ਵੀ ਗੋਲੀਆਂ ਲੱਗੀਆਂ, ਜਿਸ ਕਾਰਨ ਦੋਵੇਂ ਗੰਭੀਰ ਜਖਮੀ ਹੋ ਗਏ। ਦੋਵਾਂ ਨੂੰ ਤੁਰੰਤ ਨੇੜੇ ਦੇ ਹਸਪਤਾਲ 'ਚ ਭਰਤੀ ਕਰਵਾਇਆ ਗਿਆ, ਜਿੱਥੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਘਟਨਾ ਤੋਂ ਬਾਅਦ ਲੜਕੀ ਦਾ ਭਰਾ ਮੌਕੇ ਤੋਂ ਫਰਾਰ ਹੋ ਗਿਆ। ਫਿਲਹਾਲ ਪੁਲਸ ਟੀਮ ਉਸ ਦੀ ਭਾਲ 'ਚ ਲੱਗੀ ਹੋਈ ਹੈ।

ਬੰਦ ਘਰ 'ਚ ਬਣ ਰਹੇ ਸਨ ਨਾਜਾਇਜ ਪਟਾਕੇ

ਗੋਂਡਾ 10 ਅਕਤੂਬਰ। ਉੱਤਰ ਪ੍ਰਦੇਸ ਦੇ ਗੋਂਡਾ ਜ਼ਿਲੇ 'ਚ ਸੋਮਵਾਰ ਦੁਪਹਿਰ ਨੂੰ ਇਕ ਬੰਦ ਘਰ 'ਚ ਗੈਰ-ਕਾਨੂੰਨੀ ਤਰੀਕੇ ਨਾਲ ਪਟਾਕੇ ਬਣਾਉਂਦੇ ਸਮੇਂ ਧਮਾਕਾ ਹੋ ਗਿਆ, ਜਿਸ ਕਾਰਨ 2 ਲੋਕਾਂ ਦੀ ਮੌਤ ਹੋ ਗਈ ਜਦਕਿ 3 ਹੋਰ ਜਖਮੀ ਹੋ ਗਏ। ਇਕ ਪੁਲਸ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਪੁਲਸ ਸੁਪਰਡੈਂਟ ਵਿਨੀਤ ਜੈਸਵਾਲ ਨੇ ਸੋਮਵਾਰ ਨੂੰ ਦੱਸਿਆ ਕਿ ਤਰਾਬਗੰਜ ਥਾਣਾ ਖੇਤਰ ਦੇ ਰਗੜਗੰਜ ਪਿੰਡ 'ਚ ਅੱਜ ਦੁਪਹਿਰ ਪਿੰਡ ਦੇ ਕੁਝ ਲੋਕ ਮੁਹੰਮਦ ਫਾਰੂਕ ਦੇ ਬੰਦ ਘਰ 'ਚ ਗੈਰ-ਕਾਨੂੰਨੀ ਤਰੀਕੇ ਨਾਲ ਪਟਾਕੇ ਬਣਾ ਰਹੇ ਸਨ। ਉਨ੍ਹਾਂ ਦੱਸਿਆ ਕਿ ਇਸ ਦੌਰਾਨ ਪਟਾਕੇ ਬਣਾਉਂਦੇ ਸਮੇਂ ਅਚਾਨਕ ਧਮਾਕਾ ਹੋ ਗਿਆ, ਜਿਸ ਵਿੱਚ ਪੰਜ ਵਿਅਕਤੀ ਜਖਮੀ ਹੋ ਗਏ। ਅਧਿਕਾਰੀ ਨੇ ਦੱਸਿਆ ਕਿ ਉਨ੍ਹਾਂ ਦੀ ਪਛਾਣ ਇਸਤਿਆਕ (40), ਅਯਾਸ (17), ਕ੍ਰਿਸਨ ਕੁਮਾਰ (24), ਆਕਾਸ (15) ਅਤੇ ਲੱਲੂ (30) ਵਜੋਂ ਹੋਈ ਹੈ। ਉਨ੍ਹਾਂ ਦੱਸਿਆ ਕਿ ਸਾਰੇ ਜਖਮੀਆਂ ਨੂੰ ਤੁਰੰਤ ਸਥਾਨਕ ਕਮਿਊਨਿਟੀ ਹੈਲਥ ਸੈਂਟਰ ਬੇਲਸਰ ਲਿਜਾਇਆ ਗਿਆ, ਜਿੱਥੇ ਦੋ ਵਿਅਕਤੀਆਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਬਾਕੀ ਜਖਮੀਆਂ ਨੂੰ ਇਲਾਜ ਲਈ ਸਟੇਟ ਮੈਡੀਕਲ ਕਾਲਜ ਭੇਜਿਆ ਗਿਆ ਹੈ। ਪੁਲਸ ਸੁਪਰਡੈਂਟ ਨੇ ਦੱਸਿਆ ਕਿ ਮ੍ਰਿਤਕਾਂ ਦੀ ਪਛਾਣ ਆਕਾਸ ਅਤੇ ਲੱਲੂ ਵਜੋਂ ਹੋਈ ਹੈ। ਹਸਪਤਾਲ 'ਚ ਮੌਜੂਦ ਡਾਕਟਰ ਦੀਪਕ ਨੇ ਦੱਸਿਆ ਕਿ ਸਾਰੇ ਜਖਮੀਆਂ ਨੂੰ 60 ਫੀਸਦੀ ਤੋਂ ਜ਼ਿਆਦਾ ਸੱਟਾਂ ਲੱਗੀਆਂ ਹਨ ਅਤੇ ਉਨ੍ਹਾਂ ਦੀ ਨਾਜੁਕ ਹਾਲਤ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਬਿਹਤਰ ਇਲਾਜ ਲਈ ਲਖਨਊ ਭੇਜਿਆ ਗਿਆ ਹੈ। ਚਸਮਦੀਦਾਂ ਅਨੁਸਾਰ ਜਿਸ ਵਿਅਕਤੀ ਦੇ ਘਰ ਧਮਾਕਾ ਹੋਇਆ ਹੈ, ਉਹ ਜਲੰਧਰ ਵਿਚ ਆਪਣੇ ਪਰਿਵਾਰ ਨਾਲ ਰਹਿੰਦਾ ਹੈ। ਪਿੰਡ ਦੇ ਕੁਝ ਲੋਕ ਉਸ ਦੇ ਖਾਲੀ ਪਏ ਘਰ ਵਿਚ ਦੀਵਾਲੀ ਲਈ ਪਟਾਕੇ ਬਣਾ ਰਹੇ ਸਨ, ਜਿਸ ਵਿਚ ਅਚਾਨਕ ਧਮਾਕਾ ਹੋ ਗਿਆ। ਉਨ੍ਹਾਂ ਦੱਸਿਆ ਕਿ ਧਮਾਕਾ ਇੰਨਾ ਭਿਆਨਕ ਸੀ ਕਿ ਘਰ ਦੀ ਕੰਧ ਢਹਿ ਗਈ ਅਤੇ ਆਲੇ-ਦੁਆਲੇ ਦੇ ਘਰਾਂ ਵਿਚ ਵੀ ਤਰੇੜਾਂ ਆ ਗਈਆਂ।

ਜੇਕਰ ਤੁਸੀਂ ਵੀ ਕਰਦੇ ਹੋ ਕ੍ਰੈਡਿਟ ਕਾਰਡ ਰਾਹੀਂ ਪੇਮੈਂਟ ਤਾਂ ਹੋ ਜਾਓ ਸਾਵਧਾਨ

ਕਿਸ਼ਨ ਪਾਲ

ਨਵੀਂ ਦਿੱਲੀ 10 ਅਕਤੂਬਰ। ਜੇਕਰ ਤੁਸੀਂ ਬਿਜਲੀ, ਗੈਸ, ਪਾਣੀ ਆਦਿ ਵਰਗੇ ਉਪਯੋਗਤਾ ਬਿੱਲਾਂ ਦਾ ਭੁਗਤਾਨ ਕਰਨ ਲਈ ਕ੍ਰੈਡਿਟ ਕਾਰਡ ਦੀ ਵਰਤੋਂ ਕਰਦੇ ਹੋ ਤਾਂ ਤੁਹਾਨੂੰ ਸਾਵਧਾਨ ਰਹਿਣ ਦੀ ਲੋੜ ਹੈ। ਦਰਅਸਲ ਦੇਸ ਦੇ ਸਭ ਤੋਂ ਵੱਡੇ ਬੈਂਕ ਸਟੇਟ ਬੈਂਕ ਆਫ ਇੰਡੀਆ () ਨੇ ਆਪਣੇ ਕ੍ਰੈਡਿਟ ਕਾਰਡ ਉਪਭੋਗਤਾਵਾਂ ਨੂੰ ਵੱਡਾ ਝਟਕਾ ਦਿੱਤਾ ਹੈ। ਕਾਰਡ ਦੁਆਰਾ ਕ੍ਰੈਡਿਟ ਕਾਰਡ ਨਿਯਮਾਂ ਵਿਚ ਕੁਝ ਬਦਲਾਅ ਕੀਤੇ ਗਏ ਹਨ। ਨਵੇਂ ਨਿਯਮ ਅਗਲੇ ਮਹੀਨੇ ਯਾਨੀ 1 ਨਵੰਬਰ 2024 ਤੋਂ ਲਾਗੂ ਹੋਣਗੇ। ਬੈਂਕ ਨੇ ਕ੍ਰੈਡਿਟ ਕਾਰਡ ਰਾਹੀਂ ਯੂਟਿਲਿਟੀ ਬਿੱਲ ਦੇ ਭੁਗਤਾਨ 'ਤੇ 1 ਫੀਸਦੀ ਵਾਧੂ ਚਾਰਜ ਲਗਾਉਣ ਦਾ ਫੈਸਲਾ ਕੀਤਾ ਹੈ। ਇਸ ਤੋਂ ਪਹਿਲਾਂ ਵੀ ਕਈ ਬੈਂਕਾਂ ਅਤੇ ਕਾਰਡ ਕੰਪਨੀਆਂ ਨੇ ਇਕ ਨਿਸਚਿਤ ਸੀਮਾ ਤੋਂ ਬਾਅਦ ਯੂਟੀਲਿਟੀ ਬਿੱਲ ਦੇ ਭੁਗਤਾਨ 'ਤੇ 1 ਫੀਸਦੀ ਚਾਰਜ ਲੈਣਾ ਸੁਰੂ ਕਰ ਦਿੱਤਾ ਹੈ। ਕ੍ਰੈਡਿਟ

ਕਾਰਡ ਦੁਆਰਾ ਇਕ ਸਟੇਟਮੈਂਟ ਚੱਕਰ ਵਿਚ 50,000 ਰੁਪਏ ਤੋਂ ਵੱਧ ਦੇ ਉਪਯੋਗਤਾ ਬਿੱਲ ਦੇ ਭੁਗਤਾਨ 'ਤੇ 1% ਦਾ ਵਾਧੂ ਚਾਰਜ ਲਗਾਇਆ ਜਾਵੇਗਾ। ਹਾਲਾਂਕਿ, 50 ਹਜਾਰ ਰੁਪਏ ਤੋਂ ਘੱਟ ਯੂਟੀਲਿਟੀ ਬਿੱਲ ਦੇ ਭੁਗਤਾਨ 'ਤੇ ਕੋਈ ਵਾਧੂ ਚਾਰਜ ਨਹੀਂ ਲਿਆ ਜਾਵੇਗਾ। ਨੇ ਸੰਰਿਆ/ਡਿਫੈਂ